ਪੰਜਾਬੀ





# ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ

## ਤੁਹਾਡੇ ਲਈ ਕੀ ਸਹੀ ਹੈ?







ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਬਾਰੇ ਮਰੀਜ਼ ਲਈ ਪੁਸਤਿਕਾ

California Department of PublicHealth

www.cdph.ca.gov/pns

ਇਹ ਪੰਨਾ ਜਾਣਬੁਝ ਕੇ ਖਾਲੀ ਛੱਡਿਆ ਗਿਆ ਹੈ

# I. ਜਾਣ-ਪਛਾਣ

ਗਰਭ-ਅਵਸਥਾ ਖੁਸ਼ੀ ਦੇ ਨਾਲ-ਨਾਲ ਡਰ, ਤਣਾਅ ਅਤੇ ਭਵਿੱਖ ਪ੍ਰਤੀ ਅਨਿਸ਼ਚਿਤਤਾ ਦੀ ਭਾਵਨਾ ਵੀ ਪੈਦਾ ਕਰ ਸਕਦੀ ਹੈ। ਬੱਚੇ ਦੀ ਉਮੀਦ ਕਰ ਰਹੇ ਕੁਝ ਮਾਤਾ-ਪਿਤਾ ਗਰਭ-ਅਵਸਥਾ ਦੌਰਾਨ ਆਪਣੇ ਭਰੂਣ (ਵਿਕਸਿਤ ਹੋ ਰਹੇ ਬੱਚੇ) ਬਾਰੇ ਵਧੇਰੇ ਜਾਣਕਾਰੀ ਲੈਣਾ ਚਾਹੁੰਦੇ ਹਨ।




ਤੁਸੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕਰਵਾਉਣੀ ਹੈ ਜਾਂ ਨਹੀਂ, ਇਹ ਤੁਹਾਡੀ **ਪਸੰਦ** ਹੈ। ਤੁਹਾਡੇ ਜਨਮ ਤੋਂ ਪਹਿਲਾਂ ਦੀ ਦੇਖਭਾਲ ਪ੍ਰਦਾਤਾ ਨੂੰ ਤੁਹਾਡੀ ਗਰਭ-ਅਵਸਥਾ ਦੇ ਸ਼ੁਰੂ ਵਿੱਚ ਹੀ ਇਸ ਜਾਣਕਾਰੀ ਅਤੇ ਤੁਹਾਡੇ ਵਿਕਲਪਾਂ ਬਾਰੇ ਤੁਸੀਂ ਨਾਲ ਚਰਚਾ ਕਰਨੀ ਚਾਹੀਦੀ ਹੈ।

ਇਹ ਪੁਸਤਿਕਾ ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ (ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਪ੍ਰੋਗਰਾਮ) (www.cdph.ca.gov/PNS) ਦੇ ਜ਼ਰੀਏ ਪੇਸ਼ ਕੀਤੀ ਜਾਂਦੀ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਬਾਰੇ ਜਾਣਕਾਰੀ ਦਿੰਦੀ ਹੈ। ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਗਰਭ ਦੌਰਾਨ ਤੁਹਾਡੇ ਭਰੂਣ ਵਿੱਚ ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸਾਂ ਦੀ ਜਾਂਚ ਕਰਨ ਦਾ ਇੱਕ ਤਰੀਕਾ ਹੈ।

ਜੇ ਤੁਸੀਂ ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ, ਜਾਂਚ ਕੀਤੀਆਂ ਜਾਣ ਵਾਲੀਆਂ ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸਾਂ, ਸਕ੍ਰੀਨਿੰਗ ਤੋਂ ਬਾਅਦ ਤੁਹਾਡੇ ਵਿਕਲਪਾਂ ਅਤੇ ਹੋਰ ਗੱਲਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਬਾਰੇ ਮਰੀਜ਼ ਲਈ ਪੁਸਤਿਕਾ ਵੈੱਬ ਪੇਜ (https://bit.ly/PNSPatientBooklet) 'ਤੇ ਜਾਓ। ਉਸ ਵੈੱਬ ਪੇਜ 'ਤੇ ਤੁਹਾਨੂੰ ਇੱਕ ਵੀਡੀਓ ਵੀ ਮਿਲੇਗਾ ਜੋ ਤੁਹਾਨੂੰ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਬਾਰੇ ਵਧੇਰੇ ਜਾਣਕਾਰੀ ਦੇਵੇਗਾ।

## ਅੰਦਰ ਕੀ ਹੈ


| | | |
|---|---|---|
| I. | ਜਾਣ-ਪਛਾਣ | 3 |
| II. | ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ ਤੋਂ ਕੀ ਉਮੀਦ ਰੱਖਣੀ ਹੈ | 6 |
| III. | ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਅਤੇ ਨਤੀਜੇ | 7 |
| IV. | ਸਹਿਮਤੀ ਅਤੇ ਮਨ੍ਹਾਂ ਕਰਨ ਦੀ ਜਾਣਕਾਰੀ | 9 |
| V. | ਸਕ੍ਰੀਨਿੰਗ ਲਈ ਬਿਲਿੰਗ ਅਤੇ ਭੁਗਤਾਨ | 10 |
| VI. | ਵਧੀਕ ਜਾਣਕਾਰੀ | 10 |
| VII. | ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ | 12 |

## ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ ਕੀ ਕਰਦਾ ਹੈ?

ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ ਇੱਕ ਰਾਜ ਵਿਆਪੀ ਪ੍ਰੋਗਰਾਮ ਹੈ ਜੋ ਕੈਲੀਫੋਰਨੀਆ ਵਿੱਚ ਸਾਰੀਆਂ ਗਰਭਵਤੀ ਔਰਤਾਂ ਨੂੰ ਜਨਮ ਤੋਂ ਪਹਿਲਾਂ ਦੇ ਸੇਵਾ ਪ੍ਰਦਾਤਿਆਂ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਵਿੱਚ ਗਰਭਵਤੀ ਔਰਤ ਦੇ ਭਰੂਣ ਵਿੱਚ ਕੁਝ ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸਾਂ ਦੀ ਸਕ੍ਰੀਨਿੰਗ ਕਰਨ ਲਈ ਉਸਦੇ ਖੂਨ ਦੇ ਨਮੂਨੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਭਰੂਣ ਵਾਲੀਆਂ ਔਰਤਾਂ ਵਿੱਚ ਇਨ੍ਹਾਂ ਵਿੱਚੋਂ ਕਿਸੇ ਇੱਕ ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸਾਂ ਦੀ ਜ਼ਿਆਦਾ ਸੰਭਾਵਨਾ ਪਾਈ ਜਾਂਦੀ ਹੈ, ਉਹਨਾਂ ਨੂੰ ਰਾਜ ਦੁਆਰਾ ਕਾਨਟ੍ਰੈਕਟ ਕੀਤੇ ਗਏ ਪ੍ਰੀਨੇਟਲ ਡਾਇਗਨੋਸਿਸ ਸੈਂਟਰਾਂ (ਜਨਮ ਤੋਂ ਪਹਿਲਾਂ ਦੇ ਤਸ਼ਖ਼ੀਸ ਕੇਂਦਰਾਂ) ਰਾਹੀਂ ਜੈਨੇਟਿਕ ਸਲਾਹ ਅਤੇ ਹੋਰ ਫਾਲੋ-ਅੱਪ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

## ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸ ਕੀ ਹਨ?

ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸ ਭਰੂਣ ਦੀ ਸਿਹਤ ਅਤੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੇ ਹਨ। ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸ ਕਦੇ-ਕਦੇ ਸੰਜੋਗ ਨਾਲ ਹੁੰਦੇ ਹਨ, ਜਾਂ ਉਹ ਪਰਿਵਾਰਾਂ ਵਿੱਚ ਪੀੜ੍ਹੀ ਦਰ ਪੀੜ੍ਹੀ ਚੱਲਦੇ ਹਨ। ਡਾਊਨ ਸਿੰਡ੍ਰੋਮ ਅਤੇ ਹੋਰ ਜੈਨੇਟਿਕ ਸਥਿਤੀਆਂ ਜਿਨ੍ਹਾਂ ਲਈ PNS ਪ੍ਰੋਗਰਾਮ ਕਿਸੇ ਭਰੂਣ ਵਿੱਚ ਸਕ੍ਰੀਨਿੰਗ ਕਰਦਾ ਹੈ, ਜੋ ਵਾਧੂ ਜਾਂ ਗੁੰਮ ਕ੍ਰੋਮੋਸੋਮ ਦੇ ਕਾਰਨ ਹੁੰਦੇ ਹਨ। ਕ੍ਰੋਮੋਸੋਮ ਭਰੂਣ ਦੇ ਵਿਕਾਸ ਦਾ ਮਾਰਗਦਰਸ਼ਨ ਕਰਦੇ ਹਨ ਅਤੇ ਸਰੀਰ ਦੀ ਲਗਭਗ ਹਰੇਕ ਸੈੱਲ ਵਿੱਚ ਪਾਏ ਜਾਂਦੇ ਹਨ।

## ਜਣੇਪੇ ਵੇਲੇ ਭਰੂਣ ਦੀ ਸਿਹਤ ਦੀ ਜਾਂਚ ਕਰਨਾ

ਜੇ ਤੁਸੀਂ PNS ਪ੍ਰੋਗਰਾਮ ਰਾਹੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਡੇ ਇੱਕ ਜਾਂ ਦੋ ਖੂਨ ਦੇ ਨਮੂਨੇ ਇਕੱਤਰ ਕੀਤੇ ਜਾ ਸਕਦੇ ਹਨ। ਹਰੇਕ ਨਮੂਨੇ ਦੀ ਇਹ ਪਤਾ ਕਰਨ ਲਈ ਜਾਂਚ ਕੀਤੀ ਜਾਂਦੀ ਹੈ ਕਿ ਕੀ ਤੁਹਾਡੇ ਭਰੂਣ ਵਿੱਚ ਕੁਝ ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸ ਹੋਣ ਦੀ **ਵਧੀ ਹੋਈ ਸੰਭਾਵਨਾ** ਹੈ। ਜੇ ਵਧੀ ਹੋਈ ਸੰਭਾਵਨਾ ਹੈ, ਤਾਂ ਤੁਹਾਡਾ ਜਨਮ ਤੋਂ ਪਹਿਲਾਂ ਦਾ ਸੇਵਾ ਪ੍ਰਦਾਤਾ ਤੁਹਾਡੇ ਨਾਲ ਅਗਲੇ ਕਦਮਾਂ ਬਾਰੇ ਗੱਲ ਕਰੇਗਾ। ਤੁਸੀਂ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਹੋਰ ਜੈਨੇਟਿਕ ਕਾਉਂਸਲਿੰਗ, ਅਲਟਰਾਸਾਊਂਡ ਮੁਆਇਨਾ, ਜਾਂ ਨਿਦਾਨਾਤਮਕ ਜਾਂਚ ਕਰਵਾਉਣਾ ਚਾਹੁੰਦੇ ਹੋ।

## ਜਣੇਪੇ ਵੇਲੇ ਦੀ ਸਕ੍ਰੀਨਿੰਗ ਡਾਇਗਨੌਸਟਿਕ ਟੈਸਟਿੰਗ ਤੋਂ ਕਿਵੇਂ ਵੱਖਰੀ ਹੈ?

ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕੁਝ ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸਾਂ ਦੀ ਸੰਭਾਵਨਾ ਦਾ **ਅਨੁਮਾਨ** ਲਗਾਉਂਦੀ ਹੈ। ਜੇ ਤੁਹਾਡੀ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸਾਂ ਦੀ ਵਧੀ ਹੋਈ ਸੰਭਾਵਨਾ ਦਿਖਾਉਂਦੀ ਹੈ, ਤਾਂ **ਸਪੱਸ਼ਟ ਉੱਤਰ ਲਈ ਨਿਦਾਨਾਤਮਕ ਜਾਂਚ ਦੀ ਲੋੜ ਹੋਵੇਗੀ।**



# PNS ਪ੍ਰੋਗਰਾਮ ਦੇ ਰਾਹੀਂ ਸਕ੍ਰੀਨਿੰਗ ਵਿੱਚ ਕੀ ਸ਼ਾਮਲ ਹੈ?

**PNS ਪ੍ਰੋਗਰਾਮ ਇਨ੍ਹਾਂ ਅੱਠ ਕਿਸਮ ਦੀਆਂ ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸਾਂ ਦਾ ਪਤਾ ਲਗਾ ਸਕਦਾ ਹੈ:**

<table>
<tr><th>ਸਥਿਤੀਆਂ ਦੀ ਕਿਸਮ</th><th>ਸਥਿਤੀਆਂ ਦੇ ਨਾਮ</th><th>ਵੇਰਵਾ</th></tr>
<tr><td rowspan="3">ਆਟੋਸੋਮਲ ਟ੍ਰਾਈਸੋਮੀਆਂ</td><td>ਟ੍ਰਾਈਸੋਮੀ 21<br>ਡਾਊਨ ਸਿੰਡ੍ਰੋਮ</td><td>ਇਸ ਜੈਨੇਟਿਕ ਸਥਿਤੀ ਕਰਕੇ ਹਲਕੀਆਂ ਤੋਂ ਦਰਮਿਆਨੀ ਬੌਧਿਕ ਅਸਮਰਥਤਾਵਾਂ ਹੁੰਦੀਆਂ ਹਨ। ਡਾਊਨ ਸਿੰਡ੍ਰੋਮ ਕਰਕੇ ਗੰਭੀਰ ਪਰ ਇਲਾਜਯੋਗ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ ਜਿਵੇਂ ਕਿ ਦਿਲ ਵਿੱਚ ਨੁਕਸ।</td></tr>
<tr><td>ਟ੍ਰਾਈਸੋਮੀ 18<br>ਐਡਵਰਡਜ਼ ਸਿੰਡ੍ਰੋਮ</td><td>ਇਸ ਜੈਨੇਟਿਕ ਸਥਿਤੀ ਕਰਕੇ ਗੰਭੀਰ ਬੌਧਿਕ ਅਸਮਰਥਤਾਵਾਂ ਅਤੇ ਗੰਭੀਰ ਸਿਹਤ ਸਮੱਸਿਆਵਾਂ ਹੁੰਦੀਆਂ ਹਨ।</td></tr>
<tr><td>ਟ੍ਰਾਈਸੋਮੀ 13<br>ਪਟਾਊ ਸਿੰਡ੍ਰੋਮ</td><td>ਇਸ ਜੈਨੇਟਿਕ ਸਥਿਤੀ ਕਰਕੇ ਗੰਭੀਰ ਬੌਧਿਕ ਅਸਮਰਥਤਾਵਾਂ ਅਤੇ ਗੰਭੀਰ ਸਿਹਤ ਸਮੱਸਿਆਵਾਂ ਹੁੰਦੀਆਂ ਹਨ।</td></tr>
<tr><td>ਜਨਮ ਦੇ ਵਿਕਾਰ</td><td>ਨਿਊਰਲ ਟਿਊਬ ਨੁਕਸ</td><td>ਇਸ ਜਮਾਂਦਰੂ ਨੁਕਸ ਕਰਕੇ ਦਿਮਾਗ ਜਾਂ ਰੀੜ੍ਹ ਦੀ ਹੱਡੀ ਦੇ ਵਿਕਾਸ ਵਿੱਚ ਸਮੱਸਿਆ ਆਉਂਦੀ ਹੈ। ਉਦਾਹਰਨਾਂ ਹਨ ਅਨੈਂਸਫੈਲੀ (anencephaly) ਜਾਂ ਸਪਾਇਨਾ ਬਿਫੀਡਾ (spina bifida)।</td></tr>
<tr><td rowspan="2">X ਅਤੇ Y ਕ੍ਰੋਮੋਸੋਮ ਵਿੱਚ ਭਿੰਨਤਾਵਾਂ</td><td>ਟਰਨਰ ਸਿੰਡ੍ਰੋਮ</td><td>ਇਸ ਜੈਨੇਟਿਕ ਸਥਿਤੀ ਕਰਕੇ ਵਿਕਾਸ ਵਿੱਚ ਹਲਕੀਆਂ ਦੇਰੀਆਂ, ਸਿੱਖਣ ਵਿੱਚ ਅਸਮਰਥਤਾਵਾਂ, ਛੋਟਾ ਕੱਦ, ਬਾਂਝਪਨ ਅਤੇ ਦਿਲ ਵਿੱਚ ਨੁਕਸ ਹੋ ਸਕਦੇ ਹਨ।</td></tr>
<tr><td>ਕਲਾਈਨਫੇਲਟਰ ਸਿੰਡ੍ਰੋਮ (XXY)<br><br>ਟ੍ਰਾਈਸੋਮੀ X<br><br>XYY</td><td>ਇਨ੍ਹਾਂ ਜੈਨੇਟਿਕ ਸਥਿਤੀਆਂ ਕਾਰਨ ਅਜਿਹੇ ਲੱਛਣ ਹੁੰਦੇ ਹਨ ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਵੱਖੋ-ਵੱਖ ਹੁੰਦੇ ਹਨ। ਕੁਝ ਵਿਅਕਤੀਆਂ ਵਿੱਚ ਕੋਈ ਧਿਆਨ ਦੇਣ ਯੋਗ ਲੱਛਣ ਨਹੀਂ ਹੁੰਦੇ ਹਨ। ਦੂਜਿਆਂ ਵਿੱਚ, ਪ੍ਰਭਾਵਾਂ ਵਿੱਚ ਵਿਕਾਸ ਸੰਬੰਧੀ ਦੇਰੀ ਅਤੇ ਸਿੱਖਣ ਵਿੱਚ ਅਸਮਰਥਤਾਵਾਂ ਸ਼ਾਮਲ ਹੋ ਸਕਦੀਆਂ ਹਨ। ਵਿਅਕਤੀ ਅਕਸਰ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਜਿਵੇਂ ਕਿ ਸਪੀਚ ਥੈਰੇਪੀ ਪ੍ਰਤੀ ਚੰਗੀ ਪ੍ਰਤਿਕਿਰਿਆ ਕਰਦੇ ਹਨ।</td></tr>
</table>

**ਕੁਝ ਜੈਨੇਟਿਕ ਸਥਿਤੀਆਂ ਤੁਹਾਡੀ ਗਰਭ-ਅਵਸਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।**

ਭਰੂਣ ਵਿੱਚ ਟ੍ਰਾਈਸੋਮੀ 18, ਟ੍ਰਾਈਸੋਮੀ 13 ਜਾਂ ਟਰਨਰ ਸਿੰਡ੍ਰੋਮ ਹੋਣ 'ਤੇ ਗਰਭਪਾਤ ਹੋਣਾ ਆਮ ਗੱਲ ਹੈ। ਵਧੇਰੇ ਜਾਣਕਾਰੀ ਲਈ ਆਪਣੇ ਜਨਮ ਤੋਂ ਪਹਿਲਾਂ ਦੇ ਦੇਖਭਾਲ ਡਾਕਟਰ ਨਾਲ ਗੱਲ ਕਰੋ।

# II. ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ ਤੋਂ ਕੀ ਉਮੀਦ ਰੱਖਣੀ ਹੈ

**ਚਰਚਾ ਕਰੋ।** ਤੁਹਾਡਾ ਜਨਮ ਤੋਂ ਪਹਿਲਾਂ ਦਾ ਸੇਵਾ ਪ੍ਰਦਾਤਾ ਤੁਹਾਨੂੰ ਇਸ ਪ੍ਰੋਗਰਾਮ ਰਾਹੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਕਰੇਗਾ। ਇਹ ਜ਼ਰੂਰੀ ਨਹੀਂ ਹੁੰਦੀ ਹੈ। ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਤੁਹਾਡੀ ਇਹ ਜਾਣਨ ਵਿੱਚ ਮਦਦ ਕਰੇਗੀ ਕਿ ਕੀ ਤੁਹਾਡੇ ਭਰੂਣ ਵਿੱਚ ਕੁਝ ਜੈਨੇਟਿਕ ਸਥਿਤੀਆਂ ਜਾਂ ਜਨਮ ਦੋਸ਼ਾਂ ਦੀ ਸੰਭਾਵਨਾ ਵੱਧ ਹੈ।

ਜੇ ਤੁਸੀਂ ਕੈਲੀਫੋਰਨੀਆ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ (PNS) ਪ੍ਰੋਗਰਾਮ ਵਿੱਚ ਹਿੱਸਾ ਲੈਣ ਦੀ ਚੋਣ ਕਰਦੇ ਹੋ ਅਤੇ ਤੁਹਾਡੇ ਕੋਲ Medi-Cal ਜਾਂ ਨਿੱਜੀ ਸਿਹਤ ਬੀਮਾ ਹੈ, ਤਾਂ ਉਹ ਸਿਰਫ ਕੁਝ ਅਪਵਾਦਾਂ ਨਾਲ, ਇਸ ਸਕ੍ਰੀਨਿੰਗ ਲਈ ਫ਼ੀਸਾਂ ਦਾ ਭੁਗਤਾਨ ਕਰਨਗੇ।

**ਸਹਿਮਤੀ ਦਿਓ।** ਜੇ ਤੁਸੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹੋ, ਤਾਂ ਤੁਹਾਡਾ ਜਨਮ ਤੋਂ ਪਹਿਲਾਂ ਦਾ ਦੇਖਭਾਲ ਪ੍ਰਦਾਤਾ ਤੁਹਾਨੂੰ ਦੋ ਸਕ੍ਰੀਨਿੰਗਾਂ (ਸੈੱਲ-ਫ੍ਰੀ DNA ਅਤੇ ਮੇਟਰਨਲ ਸੀਰਮ ਅਲਫ਼ਾ-ਫੇਟੋਪ੍ਰੋਟੀਨ) ਵਿੱਚੋਂ ਹਰੇਕ ਲਈ ਇੱਕ ਸਹਿਮਤੀ ਫਾਰਮ(ਮਾਂ) 'ਤੇ ਦਸਤਖ਼ਤ ਕਰਨ ਲਈ ਕਹੇਗਾ। ਦੋਵੇਂ ਮਹੱਤਵਪੂਰਨ ਹਨ ਕਿਉਂਕਿ ਉਹ ਵੱਖ-ਵੱਖ ਸਥਿਤੀਆਂ ਲਈ ਸਕ੍ਰੀਨਿੰਗ ਕਰਦੇ ਹਨ। ਜੇ ਤੁਸੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਨਹੀਂ ਕਰਵਾਉਣਾ ਚਾਹੁੰਦੇ, ਤਾਂ ਤੁਹਾਨੂੰ ਮਨ੍ਹਾਂ ਕਰਨ ਦੇ ਫਾਰਮਾਂ 'ਤੇ ਦਸਤਖ਼ਤ ਕਰਨੇ ਪੈਣਗੇ। (https://bit.ly/PNS4Providers).

**ਸਕ੍ਰੀਨਿੰਗ ਕਰੋ।** ਤੁਹਾਡਾ ਜਨਮ ਤੋਂ ਪਹਿਲਾਂ ਦਾ ਸੇਵਾ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਲਈ ਤੁਹਾਡਾ ਖ਼ੂਨ ਕਿੱਥੇ ਲਿਆ ਜਾਵੇਗਾ। ਖ਼ੂਨ ਇਕੱਤਰ ਕਰਨਾ ਲੈਬੋਰਟਰੀ ਵਿੱਚ ਜਾਂ ਤੁਹਾਡੇ ਜਨਮ ਤੋਂ ਪਹਿਲਾਂ ਦੇ ਦੇਖਭਾਲ ਪ੍ਰਦਾਤਾ ਦੇ ਦਫ਼ਤਰ ਵਿੱਚ ਹੋ ਸਕਦਾ ਹੈ। ਹਰ ਸਕ੍ਰੀਨਿੰਗ ਲਈ, ਸਟਾਫ਼ ਦਾ ਮੈਂਬਰ ਤੁਹਾਡੀ ਬਾਂਹ ਤੋਂ ਥੋੜ੍ਹੀ ਮਾਤਰਾ ਵਿੱਚ ਖ਼ੂਨ ਲਵੇਗਾ ਅਤੇ ਉਸਨੂੰ ਲੈਬੋਰਟਰੀ ਵਿੱਚ ਭੇਜੇਗਾ।

**ਗੱਲਬਾਤ ਕਰੋ।** ਤੁਹਾਡੇ ਜਨਮ ਤੋਂ ਪਹਿਲਾਂ ਦੇ ਸੇਵਾ ਪ੍ਰਦਾਤਾ ਦੇ ਦਫ਼ਤਰ ਦੁਆਰਾ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਤੁਹਾਨੂੰ ਤੁਹਾਡੇ ਸੈੱਲ-ਫ੍ਰੀ DNA ਅਤੇ ਮੇਟਰਨਲ ਸੀਰਮ ਅਲਫ਼ਾ-ਫੇਟੋਪ੍ਰੋਟੀਨ ਸਕ੍ਰੀਨਿੰਗ ਦੇ ਨਤੀਜੇ ਦੱਸੇ ਜਾਣਗੇ।

**ਫਾਲੋ-ਅੱਪ ਸੇਵਾਵਾਂ।** ਜੇ ਕਿਸੇ ਵੀ ਸਕ੍ਰੀਨਿੰਗ ਦੇ ਨਤੀਜੇ ਇਹ ਦਰਸਾਉਂਦੇ ਹਨ ਕਿ ਤੁਹਾਡੇ ਭਰੂਣ ਵਿੱਚ ਕਿਸੇ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸ ਦੀ ਵਦੀ ਹੋਈ ਸੰਭਾਵਨਾ ਹੈ, ਤਾਂ ਇਸਦਾ ਹਮੇਸ਼ਾ ਇਹ ਮਤਲਬ ਨਹੀਂ ਹੁੰਦਾ ਕਿ ਇਹ ਹੈ। PNS ਪ੍ਰੋਗਰਾਮ ਤੁਹਾਨੂੰ ਰਾਜ-ਪ੍ਰਵਾਨਿਤ ਪ੍ਰੀਨੇਟਲ ਡਾਇਗਨੋਸਿਸ ਸੈਂਟਰ (ਜਨਮ ਤੋਂ ਪਹਿਲਾਂ ਦੇ ਤਸ਼ਖ਼ੀਸ਼ ਕੇਂਦਰ) ਵਿਖੇ ਫਾਲੋ-ਅੱਪ ਸੇਵਾਵਾਂ ਦੀ ਪੇਸ਼ਕਸ਼ ਕਰੇਗਾ, ਜਿੱਥੇ ਤੁਸੀਂ ਪਹਿਲਾਂ ਜੈਨੇਟਿਕ ਕਾਉਂਸਲਰ ਨਾਲ ਗੱਲ ਕਰ ਸਕੋਗੇ ਅਤੇ ਤੁਹਾਨੂੰ ਤੁਹਾਡੇ ਭਰੂਣ ਦੀ ਵਿਸਤ੍ਰਿਤ ਅਲਟਰਾਸਾਊਂਡ ਮੁਆਇਨੇ ਦੀ ਪੇਸ਼ਕਸ਼ ਕੀਤੀ ਜਾਵੇਗੀ। ਫਿਰ, ਤੁਸੀਂ ਫੈਸਲਾ ਕਰਦੇ ਹੋ ਕਿ ਕੀ ਤੁਸੀਂ ਇਹ ਪਤਾ ਲਗਾਉਣ ਲਈ ਨਿਦਾਨਾਤਮਕ ਟੈਸਟ ਕਰਵਾਉਣਾ ਚਾਹੁੰਦੇ ਹੋ ਕਿ ਕੀ ਤੁਹਾਡੇ ਭਰੂਣ ਵਿੱਚ ਕੋਈ ਜੈਨੇਟਿਕ ਸਥਿਤੀ ਹੈ ਜਾਂ ਜਮਾਂਦਰੂ ਨੁਕਸ ਹੈ।

**ਫਾਲੋ-ਅੱਪ ਸੇਵਾਵਾਂ ਵਿੱਚ ਸ਼ਾਮਲ ਹਨ:**

- ਜੈਨੇਟਿਕ ਸਲਾਹ
- ਅਲਟਰਾਸਾਊਂਡ ਮੁਆਇਨਾ
- ਨਿਦਾਨਾਤਮਕ ਜਾਂਚ: ਕ੍ਰੋਨਿਕ ਵਿਲਸ ਸੈਂਪਲਿੰਗ ਜਾਂ ਐਮਨੀਓਸੈਂਟੇਸਿਸ

ਜੇ ਤੁਸੀਂ PNS ਪ੍ਰੋਗਰਾਮ ਰਾਹੀਂ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕਰਵਾਉਂਦੇ ਹੋ, ਤਾਂ ਫਾਲੋ-ਅੱਪ ਸੇਵਾਵਾਂ ਤੁਹਾਨੂੰ ਬਿਨਾ ਕਿਸੇ ਵਾਧੂ ਖ਼ਰਚੇ ਦੇ ਮੁਹੱਈਆ ਕੀਤੀਆਂ ਜਾਣਗੀਆਂ।

**ਧਿਆਨ ਦਿਓ:** ਤੁਹਾਡਾ ਜਨਮ ਤੋਂ ਪਹਿਲਾਂ ਦੇਖਭਾਲ ਪ੍ਰਦਾਤਾ ਤੁਹਾਡੇ ਨਾਲ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੇ ਬਜਾਏ **ਜਨਮ ਤੋਂ ਪਹਿਲਾਂ ਦੀ ਤਸ਼ਖ਼ੀਸ਼** ਬਾਰੇ ਗੱਲ ਕਰ ਸਕਦਾ ਹੈ। ਜੇ ਨਹੀਂ, ਤਾਂ ਤੁਸੀਂ ਉਹਨਾਂ ਨੂੰ ਪੁੱਛ ਸਕਦੇ ਹੋ ਕਿ ਕੀ ਤੁਹਾਡੇ ਲਈ ਜਨਮ ਤੋਂ ਪਹਿਲਾਂ ਦੀ ਤਸ਼ਖ਼ੀਸ਼ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

# III. ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਅਤੇ ਨਤੀਜੇ

## ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ

ਤੁਹਾਡੀ ਗਰਭ-ਅਵਸਥਾ ਦੌਰਾਨ, ਤੁਹਾਨੂੰ ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ (PNS) ਪ੍ਰੋਗਰਾਮ ਦੇ ਤਹਿਤ ਇੱਕ ਜਾਂ ਦੋ ਸਕ੍ਰੀਨਿੰਗਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਹਰੇਕ ਸਕ੍ਰੀਨਿੰਗ ਲਈ ਤੁਹਾਨੂੰ ਖੂਨ ਦਾ ਨਮੂਨਾ ਦੇਣ ਦੀ ਲੋੜ ਹੁੰਦੀ ਹੈ। ਹਰੇਕ ਸਕ੍ਰੀਨਿੰਗ ਤੁਹਾਡੇ ਭਰੂਣ ਵਿੱਚ PNS ਪ੍ਰੋਗਰਾਮ ਦੁਆਰਾ ਸਕ੍ਰੀਨਿੰਗ ਕੀਤੀ ਜਾਂਦੀ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸਾਂ ਵਿੱਚੋਂ ਕਿਸੇ ਇੱਕ ਦੇ ਹੋਣ ਦੀ ਸੰਭਾਵਨਾ ਦਾ ਅਨੁਮਾਨ ਲਗਾਉਂਦੀ ਹੈ। ਹੇਠਾਂ ਦੋ ਕਿਸਮ ਦੀਆਂ ਸਕ੍ਰੀਨਿੰਗਾਂ ਬਾਰੇ ਵੇਰਵੇ ਦਿੱਤੇ ਗਏ ਹਨ।

| ਸਕ੍ਰੀਨਿੰਗ | ਇਹ ਕਿਸਦੀ ਸਕ੍ਰੀਨਿੰਗ ਕਰਦੀ ਹੈ | ਇਹ ਕਦੋਂ ਕਰਵਾਉਣੀ ਹੈ |
|---|---|---|
| **ਸੈੱਲ-ਫ੍ਰੀ DNA (cfDNA)** | **ਜੈਨੇਟਿਕ ਸਥਿਤੀਆਂ:**<br>• ਟ੍ਰਾਈਸੋਮੀ 21 (ਡਾਊਨ ਸਿੰਡ੍ਰੋਮ)<br>• ਟ੍ਰਾਈਸੋਮੀ 18 (ਐਡਵਰਡਜ਼ ਸਿੰਡ੍ਰੋਮ)<br>• ਟ੍ਰਾਈਸੋਮੀ 13 (ਪਟਾਊ ਸਿੰਡ੍ਰੋਮ)<br>• ਟਰਨਰ ਸਿੰਡ੍ਰੋਮ<br>• ਕਲਾਈਨਫੇਲਟਰ ਸਿੰਡ੍ਰੋਮ (XXY)<br>• ਟ੍ਰਾਈਸੋਮੀ X<br>• XYY | ਗਰਭ-ਅਵਸਥਾ ਦੇ 10 ਹਫ਼ਤਿਆਂ ਤੋਂ ਲੈ ਕੇ 21 ਹਫ਼ਤਿਆਂ ਦੇ ਪਹਿਲੇ ਦਿਨ ਤੱਕ। cfDNA ਸਕ੍ਰੀਨਿੰਗ 21 ਹਫ਼ਤਿਆਂ ਤੋਂ ਬਾਅਦ ਕੀਤੀ ਜਾ ਸਕਦੀ ਹੈ, ਪਰ ਇਸ ਤੋਂ ਬਾਅਦ ਫਾਲੋ-ਅੱਪ ਸੇਵਾਵਾਂ ਸੀਮਿਤ ਹੋ ਜਾਂਦੀਆਂ ਹਨ। ਨਤੀਜੇ 10-14 ਦਿਨਾਂ ਵਿੱਚ ਉਪਲਬਧ ਹੁੰਦੇ ਹਨ। |
| **ਮੇਟਰਨਲ ਸੀਰਮ ਅਲਫ਼ਾ-ਫੇਟੋਪ੍ਰੋਟੀਨ (MSAFP)** | **ਨਿਊਰਲ ਟਿਊਬ ਨੁਕਸ**<br>• ਓਪਨ ਸਪਾਇਨਾ ਬਿਫੀਡਾ (ਰੀੜ੍ਹ ਦੀ ਹੱਡੀ ਵਿੱਚ ਛੇਦ)<br>• ਅਨੈਂਸਫੈਲੀ (anencephaly) (ਦਿਮਾਗ ਜਾਂ ਖੋਪੜੀ ਦੇ ਕੁਝ ਹਿੱਸੇ ਦਾ ਮੌਜੂਦ ਨਾ ਹੋਣਾ) | ਗਰਭ-ਅਵਸਥਾ ਦੇ 15 ਹਫ਼ਤਿਆਂ ਤੋਂ ਲੈ ਕੇ 21 ਹਫ਼ਤਿਆਂ ਦੇ ਪਹਿਲੇ ਦਿਨ ਤੱਕ। ਨਤੀਜੇ 7-10 ਦਿਨਾਂ ਵਿੱਚ ਉਪਲਬਧ ਹੁੰਦੇ ਹਨ। |

## ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੇ ਨਤੀਜਿਆਂ ਨੂੰ ਸਮਝਣਾ

ਤੁਹਾਡੀ ਸਕ੍ਰੀਨਿੰਗ ਦੇ ਨਤੀਜੇ ਤੁਹਾਡੇ ਅਤੇ ਤੁਹਾਡੀ ਮੌਜੂਦਾ ਗਰਭ-ਅਵਸਥਾ ਲਈ ਵਿਸ਼ੇਸ਼ ਹਨ। ਤੁਹਾਡਾ ਜਨਮ ਤੋਂ ਪਹਿਲਾਂ ਦਾ ਦੇਖਭਾਲ ਪ੍ਰਦਾਤਾ ਤੁਹਾਡੇ ਨਾਲ ਤੁਹਾਡੀ ਸਕ੍ਰੀਨਿੰਗ ਦੇ ਨਤੀਜਿਆਂ ਬਾਰੇ ਗੱਲ ਕਰੇਗਾ।

| ਨਤੀਜੇ ਦੀ ਕਿਸਮ | ਇਸਦਾ ਕੀ ਮਤਲਬ ਹੈ | ਇਸ ਤੋਂ ਬਾਅਦ ਕੀ ਹੋਵੇਗਾ | ਹੋਰ ਕੀ ਜਾਣਨ ਦੀ ਲੋੜ ਹੈ |
|---|---|---|---|
| ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸ ਦੀ **ਕੋਈ ਵਧੀ ਹੋਈ ਸੰਭਾਵਨਾ ਨਹੀਂ** (ਸਭ ਤੋਂ ਆਮ ਨਤੀਜਾ) | ਭਰੂਣ ਵਿੱਚ ਸਕ੍ਰੀਨਿੰਗ ਕੀਤੀ ਗਈ ਕਿਸੇ ਵੀ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸ ਹੋਣ ਦੀ ਸੰਭਾਵਨਾ ਘੱਟ ਹੈ, **ਪਰ ਸਿਫ਼ਰ ਨਹੀਂ** ਹੈ | PNS ਪ੍ਰੋਗਰਾਮ ਇਸ ਨਤੀਜੇ ਲਈ ਫਾਲੋ-ਅੱਪ ਜਾਂਚ ਜਾਂ ਸੇਵਾਵਾਂ ਦੀ ਪੇਸ਼ਕਸ਼ ਨਹੀਂ ਕਰਦਾ | ਇਹ ਨਤੀਜਾ ਇਸ ਗੱਲ ਦੀ ਗਾਰੰਟੀ ਨਹੀਂ ਦਿੰਦਾ ਕਿ ਕੋਈ ਜਮਾਂਦਰੂ ਨੁਕਸ ਨਹੀਂ ਹੈ। ਕੋਈ ਵੀ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ 100% ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸਾਂ ਦਾ ਪਤਾ ਨਹੀਂ ਲਗਾ ਸਕਦੀ |
| ਜੈਨੇਟਿਕ ਸਥਿਤੀਆਂ ਜਾਂ ਜਮਾਂਦਰੂ ਨੁਕਸ ਦੀ **ਵਧੀ ਹੋਈ ਸੰਭਾਵਨਾ** | ਭਰੂਣ ਵਿੱਚ ਸਕ੍ਰੀਨਿੰਗ ਕੀਤੀ ਗਈ ਕਿਸੇ ਇੱਕ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸ ਹੋਣ ਦੀ ਸੰਭਾਵਨਾ ਆਮ ਨਾਲੋਂ ਵੱਧ ਹੈ | PNS ਪ੍ਰੋਗਰਾਮ ਇਸ ਨਤੀਜੇ ਲਈ ਫਾਲੋ-ਅੱਪ ਜਾਂਚ ਅਤੇ ਸੇਵਾਵਾਂ ਦੀ **ਪੇਸ਼ਕਸ਼ ਕਰਦਾ** ਹੈ | ਇਸ ਨਤੀਜੇ ਦਾ ਹਮੇਸ਼ਾ ਇਹ ਮਤਲਬ ਨਹੀਂ ਹੁੰਦਾ ਕਿ ਭਰੂਣ ਵਿੱਚ ਕੋਈ ਜਮਾਂਦਰੂ ਦੋਸ਼ ਹੈ। ਨਿਦਾਨਾਤਮਕ ਜਾਂਚ ਇਸ ਗੱਲ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੋਈ ਜਮਾਂਦਰੂ ਨੁਕਸ ਮੌਜੂਦ ਹੈ |
| **"ਕੋਈ ਕਾਲ ਨਹੀਂ"** | ਕਦੇ-ਕਦੇ ਤੁਹਾਡੇ ਖ਼ੂਨ ਵਿੱਚ ਲੋੜੀਂਦੀ ਜੈਨੇਟਿਕ ਸਮੱਗਰੀ ਨਹੀਂ ਹੁੰਦੀ, ਜਾਂ ਖ਼ੂਨ ਗਰਭ-ਅਵਸਥਾ ਵਿੱਚ ਬਹੁਤ ਜਲਦੀ ਜਾਂ ਬਹੁਤ ਦੇਰ ਨਾਲ ਕੱਢਿਆ ਜਾਂਦਾ ਹੈ, ਜਿਸ ਨਾਲ ਸਕ੍ਰੀਨਿੰਗ ਦੇ ਸਪਸ਼ਟ ਨਤੀਜੇ ਨਹੀਂ ਮਿਲਦੇ | ਤੁਹਾਡਾ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਤੁਹਾਡਾ "ਕੋਈ ਕਾਲ ਨਹੀਂ" ਨਤੀਜਾ ਕਿਉਂ ਆਇਆ ਹੈ ਅਤੇ ਤੁਹਾਨੂੰ ਦੱਸੇਗਾ ਕਿ ਕੀ ਸਕ੍ਰੀਨਿੰਗ ਦੁਹਰਾਈ ਜਾ ਸਕਦੀ ਹੈ | ਕੋਈ ਨਤੀਜਾ ਨਾ ਮਿਲਣ ਦੇ ਕੁਝ ਵੱਖ-ਵੱਖ ਕਾਰਨ ਹੋ ਸਕਦੇ ਹਨ, ਇਸ ਲਈ ਤੁਹਾਡਾ ਪ੍ਰਦਾਤਾ ਤੁਹਾਡਾ ਮਾਰਗਦਰਸ਼ਨ ਕਰੇਗਾ |
| **"ਅਨਿਸ਼ਚਿਤ ਨਤੀਜਾ"** | "ਕੋਈ ਕਾਲ ਨਹੀਂ ਨਤੀਜਾ" ਦੀ ਬਜਾਏ "ਅਨਿਸ਼ਚਿਤ ਨਤੀਜਾ" X ਅਤੇ Y ਕ੍ਰੋਮੋਸੋਮ ਭਿੰਨਤਾ ਲਈ ਵਰਤੀ ਜਾਣ ਵਾਲੀ ਸ਼ਬਦਾਵਲੀ ਹੈ | PNS ਪ੍ਰੋਗਰਾਮ ਇਸ ਨਤੀਜੇ ਲਈ ਫਾਲੋ-ਅੱਪ ਜਾਂਚ ਅਤੇ ਸੇਵਾਵਾਂ ਦੀ **ਪੇਸ਼ਕਸ਼ ਕਰਦਾ** ਹੈ | ਕੋਈ ਨਤੀਜਾ ਨਾ ਮਿਲਣ ਦੇ ਕੁਝ ਵੱਖ-ਵੱਖ ਕਾਰਨ ਹੋ ਸਕਦੇ ਹਨ, ਇਸ ਲਈ ਤੁਹਾਡਾ ਪ੍ਰਦਾਤਾ ਤੁਹਾਡਾ ਮਾਰਗਦਰਸ਼ਨ ਕਰੇਗਾ |

# IV. ਸਹਿਮਤੀ ਅਤੇ ਮਨ੍ਹਾਂ ਕਰਨ ਦੀ ਜਾਣਕਾਰੀ

ਇਹ ਤੁਹਾਡੀ ਚੋਣ ਹੈ ਕਿ ਤੁਸੀਂ ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ (PNS) ਪ੍ਰੋਗਰਾਮ ਦੁਆਰਾ ਦਿੱਤੀ ਗਈ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹੋ ਜਾਂ ਨਹੀਂ। ਤੁਹਾਡਾ ਜਨਮ ਤੋਂ ਪਹਿਲਾਂ ਦਾ ਦੇਖਭਾਲ ਪ੍ਰਦਾਤਾ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਪ੍ਰਕਿਰਿਆ ਦੀ ਸਮੀਖਿਆ ਕਰੇਗਾ ਅਤੇ ਤੁਹਾਡੇ ਕਿਸੇ ਵੀ ਸਵਾਲਾਂ ਦਾ ਜਵਾਬ ਦੇਵੇਗਾ ਤਾਂ ਕਿ ਤੁਸੀਂ ਆਪਣਾ ਫੈਸਲਾ ਲੈਣ ਲਈ ਤਿਆਰ ਮਹਿਸੂਸ ਕਰੋ। ਤੁਹਾਡਾ ਪ੍ਰਦਾਤਾ ਤੁਹਾਨੂੰ ਦਸਤਖ਼ਤ ਕਰਨ ਲਈ **ਸਹਿਮਤੀ ਜਾਂ ਮਨ੍ਹਾਂ ਕਰਨ** ਦੇ ਫਾਰਮ ਦੇਵੇਗਾ।

ਜੇ ਤੁਸੀਂ PNS ਪ੍ਰੋਗਰਾਮ ਦੁਆਰਾ ਪੇਸ਼ਕਸ਼ ਕੀਤੀਆਂ ਜਾਂਦੀਆਂ ਇੱਕ ਜਾਂ ਦੋਵੇਂ ਸਕ੍ਰੀਨਿੰਗਾਂ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਦੋਵੇਂ ਸਕ੍ਰੀਨਿੰਗਾਂ ਵਿੱਚੋਂ ਹਰੇਕ ਲਈ ਵੱਖ-ਵੱਖ ਸਹਿਮਤੀ ਫਾਰਮ 'ਤੇ ਦਸਤਖ਼ਤ ਕਰੋਗੇ ਅਤੇ ਤਾਰੀਖ਼ ਪਾਓਗੇ। ਜੇ ਤੁਸੀਂ PNS ਪ੍ਰੋਗਰਾਮ ਦੁਆਰਾ ਪੇਸ਼ਕਸ਼ ਕੀਤੀਆਂ ਜਾਂਦੀਆਂ ਇੱਕ ਜਾਂ ਦੋਵੇਂ ਸਕ੍ਰੀਨਿੰਗਾਂ ਨਾ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਦੋਵੇਂ ਸਕ੍ਰੀਨਿੰਗਾਂ ਵਿੱਚੋਂ ਹਰੇਕ ਲਈ ਵੱਖ-ਵੱਖ ਮਨ੍ਹਾਂ ਕਰਨ ਦੇ ਫਾਰਮ 'ਤੇ ਦਸਤਖ਼ਤ ਕਰੋਗੇ ਅਤੇ ਤਾਰੀਖ਼ ਪਾਓਗੇ।

ਜੇ ਤੁਸੀਂ ਇੱਕ ਜਾਂ ਦੋਵੇਂ ਸਕ੍ਰੀਨਿੰਗਾਂ ਨਾ ਕਰਵਾਉਣ ਦਾ ਫੈਸਲਾ ਕਰਦੇ ਹੋ, ਅਤੇ ਤੁਹਾਡਾ ਪ੍ਰਦਾਤਾ ਤੁਹਾਨੂੰ ਦਸਤਖ਼ਤ ਕਰਨ ਲਈ ਮਨ੍ਹਾਂ ਕਰਨ ਦੇ ਫਾਰਮ ਨਹੀਂ ਦਿੰਦਾ ਹੈ, ਤਾਂ ਕਿਰਪਾ ਕਰਕੇ ਬੇਨਤੀ ਕਰੋ ਕਿ ਉਹ ਅਜਿਹਾ ਕਰਨ। ਫਾਰਮ PNS ਪ੍ਰੋਗਰਾਮ ਦੀ ਵੈੱਬਸਾਈਟ (https://bit.ly/PNS4Providers) 'ਤੇ ਉਪਲਬਧ ਹਨ। ਇਸ ਤੋਂ ਬਾਅਦ ਤੁਹਾਡੇ ਪ੍ਰਦਾਤਾ ਨੂੰ ਤੁਹਾਡੇ ਦਸਤਖ਼ਤ ਕੀਤੇ ਮਨ੍ਹਾਂ ਕਰਨ ਦੇ ਫਾਰਮ ਜਾਂ ਫਾਰਮਾਂ ਨੂੰ ਤੁਹਾਡੇ ਮੈਡੀਕਲ ਰਿਕਾਰਡ ਵਿੱਚ ਰੱਖ ਦੇਣਾ ਚਾਹੀਦਾ ਹੈ।

ਇਸ ਬਾਰੇ ਆਪਣੇ ਅੰਤਿਮ ਫੈਸਲੇ 'ਤੇ ਵਿਚਾਰ ਕਰਦੇ ਸਮੇਂ ਕਿ ਕੀ ਤੁਸੀਂ PNS ਪ੍ਰੋਗਰਾਮ ਦੁਆਰਾ ਪੇਸ਼ ਕੀਤੀਆਂ ਜਾਂਦੀਆਂ ਇੱਕ ਜਾਂ ਦੋਵੇਂ ਸਕ੍ਰੀਨਿੰਗਾਂ ਕਰਵਾਉਣੀਆਂ ਚਾਹੁੰਦੇ ਹੋ, ਇਹ ਯਾਦ ਰੱਖਣ ਲਈ **ਮੁੱਖ ਬਿੰਦੂਆਂ ਦਾ ਇੱਕ ਜਲਦ ਸਾਰ** ਹੈ।

1. PNS ਪ੍ਰੋਗਰਾਮ ਇਨ੍ਹਾਂ ਜੈਨੇਟਿਕ ਸਥਿਤੀਆਂ ਅਤੇ ਜਮਾਂਦਰੂ ਨੁਕਸਾਂ ਦੀ ਪਛਾਣ ਕਰਨ ਲਈ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੀ ਪੇਸ਼ਕਸ਼ ਕਰਦਾ ਹੈ: ਟ੍ਰਾਈਸੋਮੀ 21 ਜਾਂ ਡਾਊਨ ਸਿੰਡ੍ਰੋਮ, ਟ੍ਰਾਈਸੋਮੀ 18, ਟ੍ਰਾਈਸੋਮੀ 13, ਟਰਨਰ ਸਿੰਡ੍ਰੋਮ, ਕਲਾਈਨਫੇਲਟਰ ਸਿੰਡ੍ਰੋਮ, ਟ੍ਰਾਈਸੋਮੀ X, ਅਤੇ XYY (ਸੈੱਲ-ਫ੍ਰੀ DNA ਜਾਂ cfDNA ਸਕ੍ਰੀਨਿੰਗ ਰਾਹੀਂ), ਅਤੇ ਨਿਊਰਲ ਟਿਊਬ ਨੁਕਸ (ਮੇਟਰਨਲ ਸੀਰਮ ਅਲਫ਼ਾ-ਫੇਟੋਪ੍ਰੋਟੀਨ ਜਾਂ MSAFP ਸਕ੍ਰੀਨਿੰਗ ਰਾਹੀਂ)। PNS ਪ੍ਰੋਗਰਾਮ ਇਨ੍ਹਾਂ ਤੋਂ ਇਲਾਵਾ ਕਿਸੇ ਹੋਰ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸ ਲਈ ਸਕ੍ਰੀਨਿੰਗ ਨਹੀਂ ਕਰਦਾ ਹੈ। ਭਵਿੱਖ ਵਿੱਚ ਹੋਰ ਗੱਲਾਂ ਲਈ ਸਕ੍ਰੀਨਿੰਗ ਕਰ ਸਕਦਾ ਹੈ। ਜੈਨੇਟਿਕ ਸਥਿਤੀਆਂ ਅਤੇ ਜਨਮ ਦੋਸ਼ਾਂ ਦਾ ਪਤਾ ਲਗਾਉਣ ਵਿੱਚ ਸਕ੍ਰੀਨਿੰਗ 100% ਸਟੀਕ ਨਹੀਂ ਹੈ।

2. ਦੋਵਾਂ ਸਕ੍ਰੀਨਿੰਗਾਂ, cfDNA ਸਕ੍ਰੀਨਿੰਗ ਅਤੇ MSAFP ਸਕ੍ਰੀਨਿੰਗ, ਲਈ ਵੱਖ-ਵੱਖ ਪ੍ਰੋਗਰਾਮ ਫ਼ੀਸਾਂ ਹਨ। Medi-Cal ਅਤੇ ਪ੍ਰਾਈਵੇਟ ਬੀਮਾ ਨੂੰ ਸਾਰੀਆਂ ਪ੍ਰੋਗਰਾਮ ਫ਼ੀਸਾਂ ਨੂੰ ਕਵਰ ਕਰਨਾ ਹੋਵੇਗਾ, ਅਤੇ ਸਵੈ-ਬੀਮਿਤ ਰੁਜ਼ਗਾਰਦਾਤਾਵਾਂ ਅਤੇ ਰਾਜ ਤੋਂ ਬਾਹਰ ਦੇ ਹੈਲਥ ਪਲਾਨਾਂ ਲਈ ਸਿਰਫ਼ ਕੁਝ ਅਪਵਾਦ ਹਨ। ਜੇ ਤੁਹਾਡੇ ਕੋਲ Medi-Cal ਜਾਂ ਸਿਹਤ ਬੀਮਾ ਨਹੀਂ ਹੈ, ਜਾਂ ਫ਼ੀਸਾਂ ਨੂੰ ਕਵਰ ਨਹੀਂ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਪੂਰਾ ਭੁਗਤਾਨ ਕਰਨਾ ਹੋਵੇਗਾ।

3. ਜੇ ਸਕ੍ਰੀਨਿੰਗ ਦਾ ਨਤੀਜਾ ਜੈਨੇਟਿਕ ਸਥਿਤੀ ਜਾਂ ਜਮਾਂਦਰੂ ਨੁਕਸ ਦੀ ਵਧੀ ਹੋਈ ਸੰਭਾਵਨਾ ਦਿਖਾਉਂਦਾ ਹੈ, ਤਾਂ ਤੁਸੀਂ ਆਪਣੇ ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ ਅਤੇ ਫੈਸਲਾ ਕਰ ਸਕਦੇ ਹੋ ਕਿ ਤੁਹਾਨੂੰ ਫਾਲੋ-ਅੱਪ ਸੇਵਾਵਾਂ ਚਾਹੀਦੀਆਂ ਹਨ ਜਾਂ ਨਹੀਂ। ਫਾਲੋ-ਅੱਪ ਸੇਵਾਵਾਂ ਵਿੱਚ ਫਾਲੋ-ਅੱਪ ਵਿਕਲਪਾਂ ਬਾਰੇ ਜਾਣਨ ਲਈ ਜੈਨੇਟਿਕ ਕਾਉਂਸਲਿੰਗ, ਅਲਟਰਾਸਾਊਂਡ ਜਾਂਚ, ਅਤੇ ਨਿਦਾਨਾਤਮਕ ਜਾਂਚ, ਜਾਂ ਤਾਂ ਕੋਰਿਓਨਿਕ ਵਿਲਸ ਸੈਂਪਲਿੰਗ (chorionic villus sampling) ਜਾਂ ਐਮਨੀਓਸੈਂਟੇਸਿਸ (amniocentesis) ਸ਼ਾਮਲ ਹਨ। ਨਿਦਾਨਾਤਮਕ ਜਾਂਚ ਤੋਂ ਬਾਅਦ ਆਮ ਨਤੀਜੇ ਮਿਲਣਾ ਸੰਭਵ ਹੈ।

4. ਜੇ ਤੁਹਾਡਾ ਪ੍ਰਦਾਤਾ PNS ਪ੍ਰੋਗਰਾਮ ਤੋਂ ਬਾਹਰ ਵਾਧੂ ਜੈਨੇਟਿਕ ਸਕ੍ਰੀਨਿੰਗ ਜਾਂ ਜਾਂਚ ਦੀ ਬੇਨਤੀ ਕਰਦਾ ਹੈ, ਤਾਂ ਵੱਖਰੇ ਫਾਰਮਾਂ ਅਤੇ ਫ਼ੀਸਾਂ ਦੀ ਲੋੜ ਹੋਵੇਗੀ। PNS ਪ੍ਰੋਗਰਾਮ ਬਿਲਿੰਗ ਦਾ ਕੰਮ ਨਹੀਂ ਸੰਭਾਲੇਗਾ। ਵਧੀਕ ਸਕ੍ਰੀਨਿੰਗ ਜਾਂ ਜਾਂਚ ਲਈ PNS ਪ੍ਰੋਗਰਾਮ ਦੁਆਰਾ ਫਾਲੋ-ਅੱਪ ਸੇਵਾਵਾਂ ਉਪਲਬਧ ਨਹੀਂ ਹੋਣਗੀਆਂ।

# V. ਸਕ੍ਰੀਨਿੰਗ ਲਈ ਬਿਲਿੰਗ ਅਤੇ ਭੁਗਤਾਨ

2024 ਤੋਂ ਸ਼ੁਰੂ ਕਰਦੇ ਹੋਏ, ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ (PNS) ਪ੍ਰੋਗਰਾਮ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਦੋ ਵੱਖ-ਵੱਖ ਸਕ੍ਰੀਨਿੰਗਾਂ ਲਈ ਪ੍ਰੋਗਰਾਮ ਫ਼ੀਸਾਂ ਹੇਠ ਦਿੱਤੀਆਂ ਹਨ:

- ਸੈਲ-ਫ੍ਰੀ DNA (cfDNA) ਸਕ੍ਰੀਨਿੰਗ ਲਈ $344
- ਮੇਟਰਨਲ ਸੀਰਮ ਅਲਫ਼ਾ-ਫੇਟੋਪ੍ਰੋਟੀਨ (MSAFP) ਸਕ੍ਰੀਨਿੰਗ ਲਈ $85

ਫ਼ੀਸਾਂ ਵਿੱਚ 1) ਸਕ੍ਰੀਨਿੰਗ ਦੀ ਲਾਗਤ, ਅਤੇ 2) ਜੇ ਸਕ੍ਰੀਨਿੰਗ ਦਾ ਨਤੀਜਾ ਜਮਾਂਦਰੂ ਨੁਕਸ ਦੀ ਵਧੀ ਹੋਈ ਸੰਭਾਵਨਾ ਦਿਖਾਉਂਦਾ ਹੈ ਤਾਂ ਰਾਜ-ਪ੍ਰਵਾਨਿਤ ਪ੍ਰੀਨੇਟਲ ਡਾਇਗਨੋਸਿਸ ਸੈਂਟਰ ਵਿੱਚ ਫਾਲੋ-ਅੱਪ ਸੇਵਾਵਾਂ ਸ਼ਾਮਲ ਹੁੰਦੀਆਂ ਹਨ। Medi-Cal ਅਤੇ ਪ੍ਰਾਈਵੇਟ ਬੀਮਾ ਨੂੰ ਸਾਰੀਆਂ ਪ੍ਰੋਗਰਾਮ ਫ਼ੀਸਾਂ ਨੂੰ ਕਵਰ ਕਰਨਾ ਹੋਵੇਗਾ, ਅਤੇ ਸਵੈ-ਬੀਮਿਤ ਰੁਜ਼ਗਾਰਦਾਤਾਵਾਂ ਅਤੇ ਰਾਜ ਤੋਂ ਬਾਹਰ ਦੇ ਹੈਲਥ ਪਲਾਨਾਂ ਲਈ ਸਿਰਫ਼ ਕੁਝ ਅਪਵਾਦ ਹਨ।

ਤੁਹਾਨੂੰ ਆਪਣੀ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਦੇ ਸਮੇਂ ਆਪਣਾ Medi-Cal ਨੰਬਰ ਜਾਂ ਬੀਮਾ ਜਾਣਕਾਰੀ ਦੇਣੀ ਚਾਹੀਦੀ ਹੈ। ਜੇ ਸਕ੍ਰੀਨਿੰਗ ਦਾ ਆਰਡਰ ਕਰਨ ਵੇਲੇ ਤੁਹਾਡੀ Medi-Cal ਜਾਂ ਬੀਮਾ ਸੰਬੰਧੀ ਜਾਣਕਾਰੀ ਉਪਲਬਧ ਨਹੀਂ ਕਰਵਾਈ ਜਾਂਦੀ ਹੈ, ਤਾਂ PNS ਪ੍ਰੋਗਰਾਮ ਤੁਹਾਨੂੰ ਇੱਕ ਬਿਲ ਅਤੇ ਬੀਮਾ ਸੰਬੰਧੀ ਜਾਣਕਾਰੀ ਫਾਰਮ ਭੇਜਦਾ ਹੈ, ਹੋ ਤੁਹਾਨੂੰ ਭਰ ਕੇ ਵਾਪਸ ਭੇਜਣਾ ਹੋਵੇਗਾ। PNS ਪ੍ਰੋਗਰਾਮ, PNS ਪ੍ਰੋਗਰਾਮ ਤੋਂ ਬਾਹਰ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਜਾਂ ਜਾਂਚ ਦੇ ਬਿਲ ਵਿੱਚ ਸ਼ਾਮਲ ਨਹੀਂ ਹੋਵੇਗਾ। **ਹੇਠ ਦਿੱਤੇ ਨੂੰ ਨੋਟ ਕਰੋ**:

- PNS ਪ੍ਰੋਗਰਾਮ ਫ਼ੀਸ ਵਿੱਚ ਖੂਨ ਕੱਢਣ ਦੇ ਖਰਚੇ ਸ਼ਾਮਲ ਨਹੀਂ ਹੁੰਦੇ ਹਨ।
- PNS ਪ੍ਰੋਗਰਾਮ ਰਾਜ-ਪ੍ਰਵਾਨਿਤ ਪ੍ਰੀਨੇਟਲ ਡਾਇਗਨੋਸਿਸ ਸੈਂਟਰ ਵਿੱਚ ਫਾਲੋ-ਅੱਪ ਸੇਵਾਵਾਂ ਲਈ ਭੁਗਤਾਨ ਤਾਂ ਹੀ ਕਰੇਗਾ ਜੇ PNS ਪ੍ਰੋਗਰਾਮ ਦੁਆਰਾ ਪ੍ਰਦਾਨ ਕੀਤੀ ਗਈ ਜਨਮ ਤੋਂ ਪਹਿਲਾਂ ਦੀ ਸਕ੍ਰੀਨਿੰਗ ਨੂੰ ਤੁਹਾਡੇ ਭਰੂਣ ਵਿੱਚ ਜਮਾਂਦਰੂ ਨੁਕਸ ਦੀ ਵਧੀ ਹੋਈ ਸੰਭਾਵਨਾ ਮਿਲਦੀ ਹੈ।
- PNS ਪ੍ਰੋਗਰਾਮ ਨਿਦਾਨਾਤਮਕ ਜਾਂਚ ਤੋਂ ਬਾਅਦ ਕਿਸੇ ਹੋਰ ਮੈਡੀਕਲ ਸੇਵਾਵਾਂ ਲਈ ਭੁਗਤਾਨ ਨਹੀਂ ਕਰਦਾ ਹੈ।

# VI. ਵਧੀਕ ਜਾਣਕਾਰੀ

## ਖੋਜ ਦਾ ਸਮਰਥਨ ਕਰਨਾ ਹੈ ਜਾਂ ਨਹੀਂ ਇਹ ਤੁਹਾਡੀ ਚੋਣ ਹੈ

ਜੇ ਤੁਸੀਂ ਕੁਝ ਖਾਸ ਕਾਉਂਟੀਆਂ ਵਿੱਚ ਰਹਿੰਦੇ ਹੋ ਜੋ ਜਨਮ ਦੇ ਨੁਕਸਾਂ ਦੀ ਨਿਗਰਾਨੀ ਵਿੱਚ ਹਿੱਸਾ ਲੈਂਦੀਆਂ ਹਨ, ਤਾਂ ਤੁਹਾਡੀ MAFP ਸਕ੍ਰੀਨਿੰਗ ਲਈ ਤੁਹਾਡਾ ਖੂਨ ਕੱਢਣ ਤੋਂ ਬਾਅਦ, ਉਸ ਖੂਨ ਦੇ ਨਮੂਨੇ ਨੂੰ ਸਟੋਰ ਕੀਤਾ ਜਾਂਦਾ ਹੈ ਅਤੇ ਸ਼ਾਇਦ ਜਮਾਂਦਰੂ ਨੁਕਸ ਨੂੰ ਰੋਕਣ ਲਈ ਖੋਜ ਵਿੱਚ ਵਰਤਿਆ ਜਾ ਸਕਦਾ ਹੈ। ਖੂਨ ਦੇ ਨਮੂਨੇ ਨੂੰ ਕਿਸੇ ਨਿੱਜੀ ਪਛਾਣ ਜਾਣਕਾਰੀ ਦੇ ਬਿਨਾਂ ਗੁਪਤ ਰੱਖਿਆ ਜਾਵੇਗਾ ਅਤੇ ਜਮਾਂਦਰੂ ਨੁਕਸ ਅਤੇ ਹੋਰ ਬਚਪਨ ਦੀਆਂ ਸਿਹਤ ਸਮੱਸਿਆਵਾਂ ਦੇ ਕਾਰਨਾਂ ਦਾ ਅਧਿਐਨ ਕਰਨ ਵਿੱਚ ਮਦਦ ਕਰਨ ਲਈ ਪ੍ਰਵਾਨਿਤ ਖੋਜਕਰਤਾਵਾਂ ਨੂੰ ਜਾਰੀ ਕੀਤਾ ਜਾ ਸਕਦਾ ਹੈ।

ਜਦੋਂ ਤੁਹਾਡਾ ਜਨਮ ਤੋਂ ਪਹਿਲਾਂ ਦੀ ਦੇਖਭਾਲ ਪ੍ਰਦਾਤਾ MSAFP ਸਕ੍ਰੀਨਿੰਗ ਦਾ ਆਰਡਰ ਕਰਦਾ ਹੈ ਤਾਂ ਤੁਸੀਂ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਖੂਨ ਦੇ ਨਮੂਨੇ ਦੀ ਖੋਜ ਲਈ ਵਰਤੋਂ **ਨਾ** ਕੀਤੀ ਜਾਵੇ। ਤੁਸੀਂ ਆਪਣੇ ਪ੍ਰਦਾਤਾ ਨੂੰ ਸਕ੍ਰੀਨਿੰਗ ਦਾ ਆਰਡਰ ਦੇਣ ਵੇਲੇ ਲੋੜੀਂਦੇ ਬੌਕਸ 'ਤੇ ਨਿਸ਼ਾਨ ਲਗਾਉਣ ਲਈ ਕਹਿ ਕੇ ਅਜਿਹਾ ਕਰ ਸਕਦੇ ਹੋ। ਜੇ ਤੁਸੀਂ ਤੁਹਾਡੇ ਖੂਨ ਦੇ ਨਮੂਨੇ ਦੀ ਖੋਜ ਲਈ ਵਰਤੋਂ ਕਰਨ ਨੂੰ "ਨਹੀਂ" ਕਹਿੰਦੇ ਹੋ, ਤਾਂ ਤੁਹਾਡੇ ਸਕ੍ਰੀਨਿੰਗ ਨਤੀਜੇ ਪੂਰੇ ਹੋਣ ਅਤੇ ਤੁਹਾਡੇ ਪ੍ਰਦਾਤਾ ਨੂੰ ਰਿਪੋਰਟ ਕੀਤੇ ਜਾਣ ਤੋਂ ਬਾਅਦ ਨਮੂਨਾ ਨਸ਼ਟ ਕਰ ਦਿੱਤਾ ਜਾਵੇਗਾ। ਖੋਜ ਨੂੰ ਨਾਂਹ ਕਹਿਣ ਨਾਲ ਤੁਹਾਡੀ ਸਿਹਤ-ਸੰਭਾਲ ਜਾਂ ਸਕ੍ਰੀਨਿੰਗ ਦੇ ਨਤੀਜਿਆਂ 'ਤੇ ਕਿਸੇ ਵੀ ਤਰ੍ਹਾਂ ਨਾਲ ਅਸਰ ਨਹੀਂ ਪਵੇਗਾ। ਵਧੇਰੇ ਜਾਣਕਾਰੀ ਲਈ, PNS ਪ੍ਰੋਗਰਾਮ ਸਪੋਰਟਿੰਗ ਰਿਸਰਚ ਵੈੱਬ ਪੇਜ ਦੇਖੋ (https://bit.ly/PNSResearch)।

## ਕੈਲੀਫੋਰਨੀਆ ਨਿਊਬੋਰਨ ਸਕ੍ਰੀਨਿੰਗ ਪ੍ਰੋਗਰਾਮ

ਕੈਲੀਫੋਰਨੀਆ ਨਿਊਬੋਰਨ ਸਕ੍ਰੀਨਿੰਗ (NBS) (ਨਵਜਨਮੇ ਬੱਚੇ ਦੀ ਸਕ੍ਰੀਨਿੰਗ) ਪ੍ਰੋਗਰਾਮ ਸਾਰੇ ਨਵਜਨਮੇ ਬੱਚਿਆਂ ਦੀ ਨਿਯਮਿਤ ਤੌਰ 'ਤੇ 80 ਤੋਂ ਵੱਧ ਗੰਭੀਰ ਪਰ ਇਲਾਜਯੋਗ ਜੈਨੇਟਿਕ ਬਿਮਾਰੀਆਂ ਲਈ ਸਕ੍ਰੀਨਿੰਗ ਕਰਦਾ ਹੈ। ਸਾਰੇ ਨਵਜਨਮੇ ਬੱਚਿਆਂ ਦਾ ਜਨਮ ਤੋਂ ਬਾਅਦ 12 ਤੋਂ 48 ਘੰਟਿਆਂ ਵਿੱਚ ਸਿਹਤ ਸੰਭਾਲ ਪ੍ਰਦਾਤਾ ਦੁਆਰਾ, ਬੱਚੇ ਦੀ ਅੱਡੀ ਤੋਂ ਲਏ ਗਏ ਖੂਨ ਦੀ ਥੋੜ੍ਹੀ ਜਿਹੀ ਮਾਤਰਾ ਦੀ ਵਰਤੋਂ ਕਰਦੇ ਹੋਏ, ਖੂਨ ਇਕੱਤਰ ਕੀਤਾ ਜਾਣਾ ਚਾਹੀਦਾ ਹੈ। ਨਵਜਨਮੇ ਬੱਚਿਆਂ ਦੀ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੋ ਜਾਂ ਕੈਲੀਫੋਰਨੀਆ NBS ਪ੍ਰੋਗਰਾਮ ਵੈੱਬ ਪੇਜ (http://www.cdph.ca.gov/NBS) 'ਤੇ ਜਾਓ।

## ਵਾਤਾਵਰਣ ਤੁਹਾਡੀ ਸਿਹਤ 'ਤੇ ਅਸਰ ਪਾ ਸਕਦਾ ਹੈ

ਸਾਡਾ ਰੋਜ਼ਾਨਾ ਜੀਵਨ ਵਿੱਚ ਰਸਾਇਣਾਂ ਅਤੇ ਹੋਰ ਪਦਾਰਥਾਂ ਨਾਲ ਸਾਹਮਣਾ ਹੁੰਦਾ ਹੈ ਜੋ ਤੁਹਾਡੇ ਵਿਕਸਿਤ ਹੋ ਰਹੇ ਭਰੂਣ ਨੂੰ ਪ੍ਰਭਾਵਿਤ ਕਰ ਸਕਦੇ ਹਨ। ਖੁਸ਼ਕਿਸਮਤੀ ਨਾਲ, ਅਜਿਹੇ ਕਦਮ ਹਨ ਜੋ ਤੁਸੀਂ ਘਰ, ਕੰਮ ਵਾਲੀ ਥਾਂ ਅਤੇ ਵਾਤਾਵਰਣ ਵਿੱਚ ਇਨ੍ਹਾਂ ਸੰਭਾਵੀ ਤੌਰ 'ਤੇ ਨੁਕਸਾਨਦੇਹ ਪਦਾਰਥਾਂ ਨਾਲ ਸੰਪਰਕ ਨੂੰ ਘਟਾਉਣ ਲਈ ਚੁੱਕ ਸਕਦੇ ਹੋ। ਬਹੁਤ ਸਾਰੇ ਕੈਲੀਫੋਰਨੀਆ ਵਾਸੀ ਇਸ ਗੱਲ ਤੋਂ ਅਣਜਾਣ ਹਨ ਕਿ ਬਹੁਤ ਸਾਰੇ ਰੋਜ਼ਾਨਾ ਵਰਤੇ ਜਾਣ ਵਾਲੇ ਖਪਤਕਾਰ ਉਤਪਾਦ ਸੰਭਾਵੀ ਨੁਕਸਾਨ ਪਹੁੰਚਾ ਸਕਦੇ ਹਨ। ਸੰਭਾਵੀ ਮਾਪਿਆਂ ਨੂੰ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਸਿਹਤਮੰਦ ਗਰਭ-ਅਵਸਥਾ ਨੂੰ ਉਤਸ਼ਾਹਿਤ ਕਰਨ ਲਈ ਸਧਾਰਨ ਕਾਰਵਾਈਆਂ ਬਾਰੇ ਜਾਣਨ ਲਈ ਇਸ ਵਿਸ਼ੇ ਬਾਰੇ ਹੋਰ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਸਾਨ ਫ੍ਰਾਂਸਿਸਕੋ ਵਿੱਚ ਸਥਿਤ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਖੇ, ਪ੍ਰਜਨਨ ਸਿਹਤ ਅਤੇ ਵਾਤਾਵਰਣ ਬਾਰੇ ਪ੍ਰੋਗਰਾਮ ਆਲ ਦੈਟ ਮੈਟਰਸ ਬਰੋਸ਼ਰ (https://prhe.ucsf.edu/info) ਤਿਆਰ ਕਰਦਾ ਹੈ। ਇਹ ਗੈਰ-ਤਕਨੀਕੀ, ਮਰੀਜ਼-ਕੇਂਦ੍ਰਿਤ ਗਾਈਡਾਂ ਹਨ ਜੋ ਘਰ, ਕੰਮ ਵਾਲੀ ਥਾਂ ਅਤੇ ਭਾਈਚਾਰੇ ਵਿੱਚ ਜ਼ਹਿਰੀਲੇ ਰਸਾਇਣਾਂ ਨਾਲ ਸੰਪਰਕ ਤੋਂ ਬਚਣ ਲਈ ਨੁਕਤੇ ਅਤੇ ਸੁਝਾਅ ਦਿੰਦੇ ਹਨ। ਵਧੇਰੇ ਜਾਣਕਾਰੀ ਲਈ PNS Program ਪ੍ਰਜਨਨ ਸਿਹਤ ਵੈੱਬ ਪੇਜ (https://bit.ly/R-Health) ਦੇਖੋ।

## ਨਾੜੂ ਦੇ ਖੂਨ ਨੂੰ ਬੈਂਕ ਵਿੱਚ ਜਮ੍ਹਾਂ ਕਰਨਾ ਜਾਂ ਨਹੀਂ ਕਰਨਾ ਤੁਹਾਡੀ ਪਸੰਦ ਹੈ

ਜਿਵੇਂ-ਜਿਵੇਂ ਡਿਲੀਵਰੀ ਦੀ ਤਾਰੀਖ਼ ਨੇੜੇ ਆਉਂਦੀ ਹੈ, ਬੱਚੇ ਦੀ ਉਮੀਦ ਕਰ ਰਹੇ ਮਾਪੇ ਬੱਚੇ ਦੇ ਨਾੜੂ ਦੇ ਖੂਨ ਨੂੰ ਸਾਂਭ ਕੇ ਰੱਖਣ ਦੇ ਵਿਕਲਪ 'ਤੇ ਵਿਚਾਰ ਕਰ ਸਕਦੇ ਹਨ। ਨਾੜੂ ਦੇ ਖੂਨ ਦੀ ਬੈਂਕਿੰਗ ਦਾ ਮਤਲਬ ਹੈ ਨਾੜੂ ਤੋਂ ਸੰਭਾਵੀ ਜੀਵਨ ਬਚਾਉਣ ਵਾਲੇ ਸਟੈਮ ਸੈੱਲਾਂ ਨੂੰ ਇਕੱਠਾ ਕਰਨਾ ਅਤੇ ਭਵਿੱਖ ਵਿੱਚ ਵਰਤੋਂ ਲਈ ਸਟੋਰ ਕਰਨਾ।

ਕੈਲੀਫੋਰਨੀਆ ਵਿੱਚ ਪ੍ਰਾਈਵੇਟ ਅਤੇ ਪਬਲਿਕ ਦੋਵਾਂ ਤਰ੍ਹਾਂ ਦੇ ਨਾੜੂ ਦੇ ਖੂਨ ਦੇ ਬੈਂਕ ਉਪਲਬਧ ਹਨ। ਆਪਣੇ ਬੱਚੇ ਦੇ ਨਾੜੂ ਦੇ ਖੂਨ ਨੂੰ ਸੰਭਾਲ ਕੇ ਰੱਖਣ ਵਿੱਚ ਦਿਲਚਸਪੀ ਰੱਖਣ ਵਾਲੇ ਮਾਪਿਆਂ ਨੂੰ ਗਰਭ-ਅਵਸਥਾ ਦੇ 34ਵੇਂ ਹਫ਼ਤੇ ਜਾਂ ਇਸ ਤੋਂ ਪਹਿਲਾਂ ਆਪਣੇ ਜਨਮ ਤੋਂ ਪਹਿਲਾਂ ਦੀ ਦੇਖਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ California PNS ਪ੍ਰੋਗਰਾਮ ਕੋਰਡ ਬਲੱਡ ਬੈਂਕਿੰਗ ਵੈੱਬ ਪੇਜ (https://bit.ly/Cord-B) ਦੇਖੋ। ਜਨਤਕ ਅਤੇ ਪ੍ਰਾਈਵੇਟ ਕੋਰਡ ਬਲੱਡ ਬੈਂਕਿੰਗ ਬਾਰੇ ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ ਜਾਂ ਕਾਲ ਕਰੋ:

- ਨੈਸ਼ਨਲ ਕੋਰਡ ਬਲੱਡ ਪ੍ਰੋਗਰਾਮ: 866-767-6227
- ਨੈਸ਼ਨਲ ਮੈਰੋ ਡੋਨਰ ਪ੍ਰੋਗਰਾਮ: 800-627-7692

## ਜਿਨਸੀ ਰੁਝਾਨ ਅਤੇ ਲਿੰਗ ਪਛਾਣ ਸਰਵੇਖਣ

ਰਾਜ ਵੱਲੋਂ ਲੋੜੀਂਦੇ ਡੇਟਾ ਇਕੱਤਰੀਕਰਨ ਪ੍ਰੋਜੈਕਟ ਦੇ ਹਿੱਸੇ ਵਜੋਂ, PNS ਪ੍ਰੋਗਰਾਮ ਨੂੰ ਪ੍ਰੋਗਰਾਮ ਦੇ ਭਾਗੀਦਾਰਾਂ ਦੇ ਜਿਨਸੀ ਝੁਕਾਅ ਅਤੇ ਲਿੰਗੀ ਪਛਾਣ ਬਾਰੇ ਜਾਣਕਾਰੀ ਮੰਗਣ ਦੀ ਲੋੜ ਹੈ।

ਇਹ ਜਾਣਕਾਰੀ ਜਿਨਸੀ ਝੁਕਾਅ ਲਿੰਗੀ ਪਛਾਣ (SOGI) ਸਰਵੇਖਣ (https://forms.office.com/g/LRUWGVE7Xx) ਵਿੱਚ ਇਕੱਠੀ ਕੀਤੀ ਗਈ ਹੈ। ਤੁਹਾਡੇ ਲਈ SOGI ਸਰਵੇਖਣ ਫਾਰਮ ਭਰਨਾ ਜ਼ਰੂਰੀ ਨਹੀਂ ਹੈ। ਜੇ ਤੁਸੀਂ ਇਹ ਜਾਣਕਾਰੀ ਨਾ ਦੇਣ ਦੀ ਚੋਣ ਕਰਦੇ ਹੋ, ਤਾਂ ਇਸ ਨਾਲ PNS ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ 'ਤੇ ਅਸਰ ਨਹੀਂ ਪਵੇਗਾ। ਜੇ ਤੁਸੀਂ ਇਹ ਜਾਣਕਾਰੀ ਦੇਣ ਦੀ ਚੋਣ ਕਰਦੇ ਹੋ, ਤਾਂ ਇਸ ਨੂੰ ਤੁਹਾਡੇ ਜਾਂ ਤੁਹਾਡੀ ਜਨਮ ਤੋਂ ਪਹਿਲਾਂ ਦੇ ਸਕ੍ਰੀਨਿੰਗ ਟੈਸਟ ਦੇ ਨਤੀਜਿਆਂ ਨਾਲ ਨਹੀਂ ਜੋੜਿਆ ਜਾਵੇਗਾ। ਗਰਭਵਤੀ ਔਰਤਾਂ ਹਰ ਵਾਰ ਗਰਭਵਤੀ ਹੋਣ 'ਤੇ ਨਵਾਂ ਫਾਰਮ ਭਰ ਸਕਦੀਆਂ ਹਨ।

# VII. ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ

ਜੈਨੇਟਿਕ ਡਿਜ਼ੀਜ਼ ਸਕ੍ਰੀਨਿੰਗ ਪ੍ਰੋਗਰਾਮ (GDSP) ਨੂੰ ਹੈਲਥ ਇੰਸ਼ੋਰੈਂਸ ਪੋਰਟੇਬਿਲਟੀ ਐਂਡ ਅਕਾਉਂਟੇਬਿਲਿਟੀ ਐਕਟ (HIPAA) ਦੇ ਤਹਿਤ ਇੱਕ ਸਿਹਤ ਸੰਭਾਲ ਪ੍ਰਦਾਤਾ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। HIPAA ਸੰਘੀ ਕਾਨੂੰਨ ਹੈ ਜਿਸ ਨੇ ਮਰੀਜ਼ ਦੀ ਸਹਿਮਤੀ ਜਾਂ ਜਾਣਕਾਰੀ ਤੋਂ ਬਿਨਾਂ ਮਰੀਜ਼ ਦੀ ਸੰਵੇਦਨਸ਼ੀਲ ਸਿਹਤ ਜਾਣਕਾਰੀ ਨੂੰ ਪ੍ਰਗਟ ਕੀਤੇ ਜਾਣ ਤੋਂ ਬਚਾਉਣ ਲਈ ਨਿਯਮ ਬਣਾਏ ਹਨ। GDSP, HIPAA ਦੇ ਅਧੀਨ ਆਉਂਦਾ ਹੈ ਅਤੇ ਇਸਦੇ ਲਈ ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ ਵੰਡਣਾ ਅਤੇ ਇਸਦੀ ਪਾਲਣਾ ਕਰਨਾ ਜ਼ਰੂਰੀ ਹੈ।

ਕੈਲੀਫੋਰਨੀਆ ਪ੍ਰੀਨੇਟਲ ਸਕ੍ਰੀਨਿੰਗ (PNS) ਪ੍ਰੋਗਰਾਮ ਕੈਲੀਫੋਰਨੀਆ ਡਿਪਾਰਟਮੈਂਟ ਆਫ ਪਬਲਿਕ ਹੈਲਥ (CDPH) ਦੇ ਹਿੱਸੇ ਵਜੋਂ GDSP ਅਧੀਨ ਹੈ। PNS ਪ੍ਰੋਗਰਾਮ ਦੇ ਸਬੰਧ ਵਿੱਚ GDSP ਅਤੇ ਇਸਦੇ ਏਜੰਟਾਂ ਦੇ ਨਾਲ ਇਲਾਜ, ਭੁਗਤਾਨ, ਜਾਂ ਸਿਹਤ ਸੰਭਾਲ ਦੇ ਕੰਮਾਂ ਦੇ ਉਦੇਸ਼ ਲਈ ਕਵਰ ਕੀਤੇ ਪ੍ਰਦਾਤਾਵਾਂ ਵਿਚਕਾਰ ਨਿੱਜੀ ਸਿਹਤ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਵਟਾਂਦਰਾ ਕਰਨ ਦੀ HIPAA ਦੁਆਰਾ ਇਜਾਜ਼ਤ ਹੈ ਅਤੇ ਇਹ ਰਾਜ ਦੇ ਕਾਨੂੰਨ ਦੁਆਰਾ ਵਿਸ਼ੇਸ਼ ਅਧਿਕਾਰ ਜਾਂ ਵਪਾਰਕ ਸਹਿਯੋਗੀ ਸਮਝੌਤਿਆਂ ਤੋਂ ਬਿਨਾਂ ਲੋੜੀਂਦਾ ਹੈ। ਇਹ ਨੋਟਿਸ ਵਰਨਣ ਕਰਦਾ ਹੈ ਕਿ ਤੁਹਾਡੇ ਬਾਰੇ ਨਿੱਜੀ ਅਤੇ ਡਾਕਟਰੀ ਜਾਣਕਾਰੀ ਦੀ ਵਰਤੋਂ ਅਤੇ ਇਸ ਦਾ ਖੁਲਾਸਾ ਕਿਵੇਂ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤਕ ਕਿਵੇਂ ਪਹੁੰਚ ਸਕਦੇ ਹੋ। ਕਿਰਪਾ ਕਰਕੇ ਇਸ ਦੀ ਧਿਆਨ ਨਾਲ ਪੜਚੋਲ ਕਰੋ।

### ਵਿਭਾਗ ਦੇ ਕਾਨੂੰਨੀ ਫਰਜ਼

GDSP ਅਤੇ GDSP ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਾਰੋਬਾਰੀ ਸਹਿਯੋਗੀਆਂ ਨੂੰ ਕਾਨੂੰਨਨ ਸੁਰੱਖਿਅਤ ਸਿਹਤ ਜਾਣਕਾਰੀ ਦੀ ਪਰਦੇਦਾਰੀ ਨੂੰ ਬਣਾਈ ਰੱਖਣ ਦੀ ਲੋੜ ਹੁੰਦੀ ਹੈ। ਸੰਘੀ ਅਤੇ ਰਾਜ ਦੇ ਕਾਨੂੰਨ ਰਾਜ ਦੀ ਏਜੰਸੀ ਦੁਆਰਾ ਪ੍ਰਾਪਤ ਕੀਤੀ ਗਈ ਨਿੱਜੀ ਜਾਣਕਾਰੀ ਦੀ ਵਰਤੋਂ, ਸੰਭਾਲ ਅਤੇ ਖੁਲਾਸੇ 'ਤੇ ਪਾਬੰਦੀ ਲਗਾਉਂਦੇ ਹਨ ਅਤੇ ਉਹਨਾਂ ਵਿਅਕਤੀਆਂ ਨੂੰ ਕੁਝ ਨੋਟਿਸ ਦਿੱਤੇ ਜਾਣ ਦੀ ਲੋੜ ਲਗਾਉਂਦੇ ਹਨ ਜਿਨ੍ਹਾਂ ਦੀ ਜਾਣਕਾਰੀ ਸੰਭਾਲ ਕੇ ਰੱਖੀ ਜਾਂਦੀ ਹੈ। ਕਨੂੰਨ ਸਾਡੇ ਤੋਂ ਇਹ ਵੀ ਮੰਗ ਕਰਦਾ ਹੈ ਕਿ ਜੇ ਕੋਈ ਉਲੰਘਣਾ ਹੋਈ ਹੈ ਜਿਸ ਨਾਲ ਤੁਹਾਡੀ ਜਾਣਕਾਰੀ ਦੀ ਪਰਦੇਦਾਰੀ ਜਾਂ ਸੁਰੱਖਿਆ ਨਾਲ ਸਮਝੌਤਾ ਹੋਇਆ ਹੈ ਤਾਂ ਸਾਨੂੰ ਤੁਰੰਤ ਸੂਚਿਤ ਕੀਤਾ ਜਾਵੇ।

ਰਾਜ ਦੇ ਕਾਨੂੰਨਾਂ ਵਿੱਚ ਕੈਲੀਫੋਰਨੀਆ ਇਨਫਾਰਮੇਸ਼ਨ ਪ੍ਰੈਕਟਿਸਿਜ਼ ਐਕਟ (ਸਿਵਲ ਕੋਡ 1798 ਅਤੇ ਇਸ ਤੋਂ ਅਗਲੇ), ਗਵਰਨਮੈਂਟ ਕੋਡ ਦਾ ਸੈਕਸ਼ਨ 11015.5, ਅਤੇ ਹੈਲਥ ਐਂਡ ਸੇਫ਼ਟੀ ਕੋਡ ਦਾ ਸੈਕਸ਼ਨ 124980 ਸ਼ਾਮਲ ਹਨ। ਸੰਘੀ ਕਾਨੂੰਨ ਹੈਲਥ ਇੰਸ਼ੋਰੈਂਸ ਪੋਰਟੇਬਿਲਟੀ ਐਂਡ ਅਕਾਉਂਟੇਬਿਲਿਟੀ ਐਕਟ 1996 (HIPAA), 42 USC 1320d-2(a)(2), ਅਤੇ ਕੋਡ ਆਫ ਫੈਡਰਲ ਰੈਗੂਲੇਸ਼ਨਜ਼ ਦੇ ਸੈਕਸ਼ਨ 160.100 ਦੇ ਟਾਈਟਲ 45 ਵਿੱਚ ਇਸਦੇ ਨਿਯਮ, ਅਤੇ ਅਗਲੇ ਹਨ।

ਇਨ੍ਹਾਂ ਕਾਨੂੰਨਾਂ ਦੀ ਪਾਲਣਾ ਵਿੱਚ, ਤੁਹਾਨੂੰ ਅਤੇ ਜਾਣਕਾਰੀ ਮੁਹੱਈਆ ਕਰਨ ਵਾਲਿਆਂ ਨੂੰ ਹੇਠਾਂ ਦਿੱਤੇ ਬਾਰੇ ਸੂਚਿਤ ਕੀਤਾ ਜਾਂਦਾ ਹੈ: GDSP ਹੈਲਥ ਐਂਡ ਸੇਫ਼ਟੀ ਕੋਡ ਸੈਕਸ਼ਨ 124977, 124980, 125050, ਅਤੇ 125055, ਅਤੇ ਰਾਜ ਦੇ ਵਿਨਿਯਮਾਂ (17 CCR §§ 6527, 6531 ਅਤੇ 6532) ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ, ਨਿੱਜੀ ਅਤੇ ਡਾਕਟਰੀ ਜਾਣਕਾਰੀ ਇਕੱਤਰ ਕਰਦਾ ਹੈ ਅਤੇ ਵਰਤਦਾ ਹੈ। GDSP ਦੁਆਰਾ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਗਰਭ-ਅਵਸਥਾ ਵਿੱਚ ਗੰਭੀਰ ਜਮਾਂਦਰੂ ਨੁਕਸਾਂ ਜਾਂ ਜੈਨੇਟਿਕ ਸਥਿਤੀਆਂ ਦੇ ਜੋਖਮ ਦਾ ਅਨੁਮਾਨ ਲਗਾਉਣ ਅਤੇ ਗਰਭਵਤੀ ਔਰਤਾਂ ਲਈ ਨਿਦਾਨਾਤਮਕ ਜਾਂਚ ਮੁਹੱਈਆ ਕਰਨ ਲਈ ਵਰਤਿਆ ਜਾਂਦਾ ਹੈ।

ਜੇ ਨਿੱਜੀ ਜਾਣਕਾਰੀ ਮੁਹੱਈਆ ਨਹੀਂ ਕੀਤੀ ਜਾਂਦੀ ਹੈ, ਤਾਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਜਿਵੇਂ ਕਿ ਪ੍ਰਭਾਵਿਤ ਭਰੂਣ ਦਾ ਪਤਾ ਲਗਾਉਣ ਵਿੱਚ ਅਸਫਲਤਾ, ਕਿਸੇ ਵਧੇ ਹੋਏ ਜੋਖਮ ਦੀ ਝੂਠੀ ਰਿਪੋਰਟ ਕਰਨਾ ਜਿਸ ਕਰਕੇ ਹੋਰ ਬੇਲੋੜੀ ਅਤੇ ਸਰੀਰ ਅੰਦਰ ਦਖ਼ਲ ਦੇਣ ਵਾਲੀ ਜਾਂਚ ਦੀ ਲੋੜ ਪੈ ਸਕਦੀ ਹੈ, ਜਾਂ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਵਿਅਕਤੀਆਂ ਨੂੰ ਸਹੀ ਢੰਗ ਨਾਲ ਬਿਲ ਨਾ ਦੇ ਸਕਣਾ। ਇਹ ਜਾਣਕਾਰੀ ਇਲੈਕਟ੍ਰਾਨਿਕ ਤਰੀਕੇ ਨਾਲ ਇਕੱਤਰ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਤੁਹਾਡਾ ਨਾਮ, ਪਤਾ, ਟੈਸਟ ਦੇ ਨਤੀਜੇ ਅਤੇ ਤੁਹਾਨੂੰ ਮੁਹੱਈਆ ਕੀਤੀ ਡਾਕਟਰੀ ਦੇਖਭਾਲ ਸ਼ਾਮਲ ਹੁੰਦੀ ਹੈ।

### ਸਿਹਤ ਸੰਬੰਧੀ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ

GDSP ਤੁਹਾਡੇ ਬਾਰੇ ਸਿਹਤ ਜਾਣਕਾਰੀ ਨੂੰ ਸਕ੍ਰੀਨਿੰਗ, ਸਿਹਤ ਦੇਖਭਾਲ ਸੇਵਾਵਾਂ ਮੁਹੱਈਆ ਕਰਨ, ਸਕ੍ਰੀਨਿੰਗ ਅਤੇ ਪ੍ਰਬੰਧਕੀ ਉਦੇਸ਼ਾਂ ਲਈ ਭੁਗਤਾਨ ਪ੍ਰਾਪਤ ਕਰਨ, ਅਤੇ ਤੁਹਾਨੂੰ ਪ੍ਰਾਪਤ ਹੋਈ ਦੇਖਭਾਲ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ ਵਰਤਦਾ ਹੈ। ਹੇਠਾਂ ਦਿੱਤੀਆਂ ਉਦਾਹਰਨਾਂ ਦਿਖਾਉਂਦੀਆਂ ਹਨ ਕਿ ਅਸੀਂ ਸਿਹਤ ਜਾਣਕਾਰੀ ਨੂੰ ਇਨ੍ਹਾਂ ਉਦੇਸ਼ਾਂ ਲਈ ਕਿਵੇਂ ਵਰਤ ਅਤੇ ਸਾਂਝਾ ਕਰ ਸਕਦੇ ਹਾਂ।

**ਇਲਾਜ ਲਈ:** GDSP ਤੁਹਾਡੀ ਸੁਰੱਖਿਅਤ ਕੀਤੀ ਸਿਹਤ ਜਾਣਕਾਰੀ ਦੀ ਵਰਤੋਂ ਇਹ ਯਕੀਨੀ ਬਣਾਉਣ ਲਈ ਕਰ ਸਕਦਾ ਹੈ ਕਿ ਇਹ ਸਹੀ ਜਾਂਚ ਮੁਹੱਈਆ ਕਰਦਾ ਹੈ ਅਤੇ ਨਤੀਜੇ ਸਹੀ ਮੈਡੀਕਲ ਪ੍ਰਦਾਤਾ ਨੂੰ ਭੇਜਦਾ ਹੈ।

**ਭੁਗਤਾਨ ਲਈ:** GDSP ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਇਲਾਜ ਅਤੇ ਸੇਵਾਵਾਂ ਦੇ ਭੁਗਤਾਨਾਂ ਦੇ ਸੰਬੰਧ ਵਿੱਚ ਤੁਹਾਡੀ ਸੁਰੱਖਿਅਤ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਰ ਸਕਦਾ ਹੈ।

**ਸਿਹਤ ਸੰਭਾਲ ਦੇ ਕਾਰਜਾਂ ਲਈ:** GDSP ਸੰਚਾਲਨ ਦੇ ਉਦੇਸ਼ਾਂ ਲਈ ਸੁਰੱਖਿਅਤ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਖੁਲਾਸਾ ਕਰ ਸਕਦਾ ਹੈ, ਉਦਾਹਰਨ ਵਾਸਤੇ ਤੁਹਾਡੇ ਦੁਆਰਾ ਪ੍ਰਾਪਤ ਕੀਤੀਆਂ ਸੇਵਾਵਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨ ਲਈ।

ਕਾਨੂੰਨ GDSP ਨੂੰ ਹੇਠਾਂ ਦਿੱਤੇ ਕਾਰਨਾਂ ਕਰਕੇ ਤੁਹਾਡੇ ਬਾਰੇ ਸਾਡੇ ਕੋਲ ਮੌਜੂਦ ਜਾਣਕਾਰੀ ਦੀ ਵਰਤੋਂ ਕਰਨ ਜਾਂ ਦੇਣ ਦੀ ਇਜਾਜ਼ਤ ਵੀ ਦਿੰਦਾ ਹੈ:

ਅਜਿਹੇ ਖੋਜ ਅਧਿਐਨਾਂ ਲਈ ਜੋ ਕਿਸੇ ਸੰਸਥਾਗਤ ਸਮੀਖਿਆ ਬੋਰਡ ਦੁਆਰਾ ਮਨਜ਼ੂਰ ਕੀਤੇ ਗਏ ਹਨ ਅਤੇ ਸਾਰੀਆਂ ਸੰਘੀ ਅਤੇ ਰਾਜ ਪਰਦੇਦਾਰੀ ਕਨੂੰਨ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ, ਜਿਵੇਂ ਕਿ ਬਿਮਾਰੀ ਨੂੰ ਰੋਕਣ ਨਾਲ ਸੰਬੰਧਿਤ ਖੋਜ।

# ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ (ਜਾਰੀ)

ਡਾਕਟਰੀ ਖੋਜ ਲਈ ਉਸ ਵਿਅਕਤੀ ਦੀ ਪਛਾਣ ਦੇ ਬਿਨਾਂ, ਜਿਸ ਤੋਂ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ, ਜਦੋਂ ਤੱਕ ਤੁਸੀਂ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਰੂਪ ਵਿੱਚ ਬੇਨਤੀ ਨਹੀਂ ਕਰਦੇ ਹੋ ਕਿ ਤੁਹਾਡੀ ਜਾਣਕਾਰੀ ਦੀ ਵਰਤੋਂ ਨਾ ਕੀਤੀ ਜਾਵੇ।

ਉਹਨਾਂ ਸੰਗਠਨਾਂ ਜਾਂ ਕਾਰੋਬਾਰੀ ਸਹਿਯੋਗੀਆਂ ਨੂੰ ਜੋ ਸਾਡੇ ਕਾਰਜਾਂ ਵਿੱਚ ਸਾਡੀ ਸਹਾਇਤਾ ਕਰਦੇ ਹਨ, ਜਿਵੇਂ ਕਿ ਫ਼ੀਸਾਂ ਇਕੱਠੀਆਂ ਕਰਕੇ। ਜੇ ਅਸੀਂ ਉਹਨਾਂ ਨੂੰ ਜਾਣਕਾਰੀ ਮੁਹੱਈਆ ਕਰਦੇ ਹਾਂ, ਤਾਂ ਅਸੀਂ ਯਕੀਨੀ ਬਣਾਵਾਂਗੇ ਕਿ ਉਹ ਉਹਨਾਂ ਨਾਲ ਸਾਂਝੀ ਕੀਤੀ ਗਈ ਜਾਣਕਾਰੀ ਦੀ ਨਿੱਜਤਾ ਦੀ ਰੱਖਿਆ ਕਰਨ ਜਿਵੇਂ ਕਿ ਸੰਘੀ ਅਤੇ ਰਾਜ ਦੇ ਕਾਨੂੰਨ ਦੁਆਰਾ ਲੋੜੀਂਦਾ ਹੈ।

ਜਨਤਕ ਸਿਹਤ ਗਤੀਵਿਧੀਆਂ ਲਈ ਜਿਵੇਂ ਕਿ ਬਿਮਾਰੀ ਜਾਂ ਸੱਟ ਨੂੰ ਰੋਕਣ ਜਾਂ ਨਿਯੰਤ੍ਰਿਤ ਕਰਨ ਵਿੱਚ ਜਨਤਕ ਸਿਹਤ ਅਧਿਕਾਰੀਆਂ ਜਾਂ ਹੋਰ ਵਿਅਕਤੀਆਂ ਦੀ ਸਹਾਇਤਾ ਕਰਨਾ।

ਕਿਸੇ ਵਿਅਕਤੀ ਜਾਂ ਜਨਤਾ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਨੂੰ ਰੋਕਣ ਵਾਸਤੇ ਸਿਹਤ ਅਤੇ ਸੁਰੱਖਿਆ ਦੇ ਉਦੇਸ਼ਾਂ ਲਈ।

ਕੋਰੋਨਰਾਂ (ਸ਼ੱਕੀ ਮੌਤ ਦੀ ਪੜਤਾਲ ਕਰਨ ਵਾਲਿਆਂ) ਲਈ ਜੇ ਜਾਣਕਾਰੀ ਕਿਸੇ ਅਜਿਹੇ ਵਿਅਕਤੀ ਬਾਰੇ ਹੈ ਜਿਸਦੀ ਮੌਤ ਹੋ ਗਈ ਹੈ।

ਕਾਨੂੰਨ ਦੁਆਰਾ ਅਧਿਕਾਰਤ ਨਿਗਰਾਨੀ ਗਤੀਵਿਧੀਆਂ ਲਈ ਕਿਸੇ ਸਿਹਤ ਨਿਗਰਾਨੀ ਏਜੰਸੀ ਨੂੰ, ਜਿਵੇਂ ਕਿ ਪ੍ਰੋਗਰਾਮ ਦੇ ਮਿਆਰਾਂ ਦੀ ਪਾਲਣਾ ਨੂੰ ਨਿਰਧਾਰਤ ਕਰਨਾ।

ਵਿਸ਼ੇਸ਼ ਸਰਕਾਰੀ ਕਾਰਜਾਂ ਲਈ ਜਿਵੇਂ ਕਿ ਅਜਿਹੀ ਸੁਧਾਰਕ ਸੰਸਥਾ ਲਈ ਜਿਸ ਕੋਲ ਕਿਸੇ ਵਿਅਕਤੀ ਦੀ ਕਨੂੰਨੀ ਹਿਰਾਸਤ ਹੈ, ਜੇ ਸੁਧਾਰਕ ਸੰਸਥਾ ਇਹ ਦਰਸਾਉਂਦੀ ਹੈ ਕਿ ਅਜਿਹੀ ਸੁਰੱਖਿਅਤ ਸਿਹਤ ਜਾਣਕਾਰੀ ਵਿਅਕਤੀ ਨੂੰ ਸਿਹਤ-ਸੰਭਾਲ ਦੇਣ ਲਈ ਜ਼ਰੂਰੀ ਹੈ।

ਉਚਿਤ ਫੌਜੀ ਕਮਾਂਡ ਅਥਾਰਟੀਆਂ ਦੁਆਰਾ ਜ਼ਰੂਰੀ ਸਮਝੀਆਂ ਗਈਆਂ ਗਤੀਵਿਧੀਆਂ ਲਈ ਹਥਿਆਰਬੰਦ ਬਲਾਂ ਨੂੰ ਜੇ ਵਿਅਕਤੀ ਹਥਿਆਰਬੰਦ ਬਲਾਂ ਦਾ ਕਰਮਚਾਰੀ ਹੈ ਜਾਂ ਵਿਦੇਸ਼ੀ ਫੌਜੀ ਕਰਮਚਾਰੀ ਹੈ।

GDSP ਨੂੰ ਰਾਸ਼ਟਰੀ ਸੁਰੱਖਿਆ ਦੇ ਉਦੇਸ਼ਾਂ ਲਈ ਅਧਿਕਾਰਤ ਇਨਟੈਲੀਜੈਂਸ, ਕਾਊਂਟਰ-ਇਨਟੈਲੀਜੈਂਸ, ਅਤੇ ਹੋਰ ਰਾਸ਼ਟਰੀ ਸੁਰੱਖਿਆ ਗਤੀਵਿਧੀਆਂ ਕਰਨ ਲਈ ਸੁਰੱਖਿਅਤ ਸਿਹਤ ਜਾਣਕਾਰੀ ਦੀ ਵਰਤੋਂ ਜਾਂ ਅਧਿਕਾਰਤ ਸੰਘੀ ਅਧਿਕਾਰੀਆਂ ਨੂੰ ਖੁਲਾਸਾ ਕਰਨਾ ਪੈ ਸਕਦਾ ਹੈ।

GDSP ਦੁਆਰਾ HIPAA ਨਿੱਜਤਾ ਨਿਯਮ ਦੀ ਪਾਲਣਾ ਦੀ ਜਾਂਚ ਜਾਂ ਨਿਰਧਾਰਨ ਕਰਨ ਦੇ ਉਦੇਸ਼ ਲਈ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਦੇ ਸੈਕ੍ਰੇਟਰੀ ਨੂੰ।

## GDSP ਲਿਖਤੀ ਇਜਾਜ਼ਤ

GDSP ਨੂੰ ਅਜਿਹੇ ਕਿਸੇ ਵੀ ਕਾਰਨ ਕਰਕੇ ਜਿਸਦਾ ਵਰਣਨ ਇਸ ਨੋਟਿਸ ਵਿੱਚ ਨਹੀਂ ਕੀਤਾ ਗਿਆ ਹੈ ਤੁਹਾਡੇ ਬਾਰੇ ਨਿੱਜੀ ਅਤੇ ਸਿਹਤ ਜਾਣਕਾਰੀ ਨੂੰ ਵਰਤਣ ਜਾਂ ਦੇਣ ਲਈ ਤੁਹਾਡੀ ਲਿਖਤੀ ਇਜਾਜ਼ਤ ਹੋਣੀ ਚਾਹੀਦੀ ਹੈ। ਸਿਵਾਏ ਉਸਦੇ ਜਿੱਥੇ GDSP ਤੁਹਾਡੀ ਇਜਾਜ਼ਤ ਦੇ ਕਾਰਨ ਪਹਿਲਾਂ ਹੀ ਕੰਮ ਕਰ ਚੁੱਕਾ ਹੈ, ਤੁਸੀਂ ਅੱਗੇ ਦਿੱਤੇ ਸਮੇਂ 'ਤੇ ਸੰਪਰਕ ਕਰਕੇ ਕਿਸੇ ਵੀ ਸਮੇਂ ਆਪਣੇ ਅਧਿਕਾਰ ਨੂੰ ਰੱਦ ਕਰ ਸਕਦੇ ਹੋ: Division Chief, Genetic Disease Screening Program, 850 Marina Bay Parkway, F175, Richmond, CA 94804.

GDSP ਇਸ ਨੋਟਿਸ ਦੀਆਂ ਸ਼ਰਤਾਂ ਨੂੰ ਬਦਲਣ ਅਤੇ ਨਵੇਂ ਨੋਟਿਸ ਦੇ ਪ੍ਰਬੰਧਾਂ ਨੂੰ ਇਸ ਕੋਲ ਮੌਜੂਦ ਸਾਰੀ ਸੁਰੱਖਿਅਤ ਸਿਹਤ ਜਾਣਕਾਰੀਆਂ ਲਈ ਪ੍ਰਭਾਵੀ ਬਣਾਉਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਤੁਸੀਂ ਸਾਨੂੰ (866) 718-7915 [TDD (800) 735-2929] 'ਤੇ ਕਾਲ ਕਰਕੇ, ਸਾਨੂੰ PNS@cdph.ca.gov 'ਤੇ ਈਮੇਲ ਕਰਕੇ ਜਾਂ PNS ਪ੍ਰੋਗਰਾਮ ਵੈੱਬ ਪੇਜ (www.cdph.ca.gov/PNS) ਤੋਂ ਸਲਾਹ ਲੈ ਕੇ ਮੌਜੂਦਾ ਨੀਤੀਆਂ ਦੀ ਇੱਕ ਕਾਪੀ ਲਈ ਬੇਨਤੀ ਕਰ ਸਕਦੇ ਹੋ ਜਾਂ ਸਾਡੇ ਨਿੱਜਤਾ ਅਭਿਆਸਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਤੁਸੀਂ ਉਪਰੋਕਤ ਪਤੇ 'ਤੇ ਡਿਵੀਜ਼ਨ ਮੁਖੀ ਨਾਲ ਸੰਪਰਕ ਕਰਕੇ ਵੀ ਇਸ ਨੋਟਿਸ ਦੀ ਕਾਗਜ਼ੀ ਕਾਪੀ ਲਈ ਬੇਨਤੀ ਕਰ ਸਕਦੇ ਹੋ। ਇਹ ਨੋਟਿਸ PNS ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ ਵੈੱਬ ਪੇਜ (https://www.cdph.ca.gov/Programs/CFH/DGDS/Pages/pns/pnsnpp.aspx) 'ਤੇ ਵੀ ਦੇਖਿਆ ਜਾ ਸਕਦਾ ਹੈ।

## ਵਿਅਕਤੀਗਤ ਅਧਿਕਾਰ ਅਤੇ ਜਾਣਕਾਰੀ ਤੱਕ ਪਹੁੰਚ

ਤੁਹਾਨੂੰ ਆਪਣੀ ਸਿਹਤ ਜਾਣਕਾਰੀ ਦੀ ਕਾਪੀ ਦੇਖਣ ਜਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ। ਜੇਕਰ ਤੁਸੀਂ ਕਾਪੀਆਂ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਹਰ ਪੰਨੇ ਲਈ ਤੁਹਾਡੇ ਤੋਂ $0.10 (10 ਸੈਂਟ) ਵਸੂਲ ਕਰ ਸਕਦੇ ਹਾਂ। ਤੁਹਾਨੂੰ ਉਹਨਾਂ ਮੌਕਿਆਂ ਦੀ ਸੂਚੀ ਪ੍ਰਾਪਤ ਕਰਨ ਦਾ ਅਧਿਕਾਰ ਵੀ ਹੈ ਜਿੱਥੇ ਅਸੀਂ ਸਕ੍ਰੀਨਿੰਗ, ਭੁਗਤਾਨ, ਜਾਂ ਸੰਬੰਧਿਤ ਪ੍ਰਸ਼ਾਸਕੀ ਉਦੇਸ਼ਾਂ ਤੋਂ ਇਲਾਵਾ ਹੋਰ ਕਾਰਨਾਂ ਕਰਕੇ ਤੁਹਾਡੇ ਬਾਰੇ ਸਿਹਤ ਜਾਣਕਾਰੀ ਦਾ ਖੁਲਾਸਾ ਕੀਤਾ ਹੈ।

# ਨਿੱਜਤਾ ਬਣਾਏ ਰੱਖਣ ਦੇ ਤਰੀਕਿਆਂ ਦਾ ਨੋਟਿਸ (ਜਾਰੀ)

ਜੇ ਤੁਸੀਂ ਮੰਨਦੇ ਹੋ ਕਿ ਤੁਹਾਡੇ ਰਿਕਾਰਡ ਵਿੱਚ ਜਾਣਕਾਰੀ ਗਲਤ ਹੈ ਜਾਂ ਜੇ ਮਹੱਤਵਪੂਰਨ ਜਾਣਕਾਰੀ ਗਾਇਬ ਹੈ, ਤਾਂ ਤੁਹਾਨੂੰ ਇਹ ਬੇਨਤੀ ਕਰਨ ਦਾ ਅਧਿਕਾਰ ਹੈ ਕਿ ਅਸੀਂ ਮੌਜੂਦਾ ਜਾਣਕਾਰੀ ਨੂੰ ਠੀਕ ਕਰੀਏ ਜਾਂ ਗਾਇਬ ਜਾਣਕਾਰੀ ਨੂੰ ਸ਼ਾਮਲ ਕਰੀਏ।

ਤੁਹਾਨੂੰ ਅਧਿਕਾਰ ਹੈ ਕਿ ਤੁਸੀਂ ਸਾਨੂੰ ਤੁਹਾਡੇ ਨਾਲ ਗੁਪਤ ਰੂਪ ਵਿੱਚ ਕਿਸੇ ਵੱਖਰੇ ਪਤੇ, ਪੋਸਟ ਆਫਿਸ ਬੌਕਸ, ਜਾਂ ਟੈਲੀਫੋਨ ਨੰਬਰ 'ਤੇ ਸੰਪਰਕ ਕਰਨ ਲਈ ਕਹੋ। ਅਸੀਂ ਵਾਜਬ ਬੇਨਤੀਆਂ ਨੂੰ ਸਵੀਕਾਰ ਕਰਾਂਗੇ।

ਤੁਸੀਂ ਲਿਖਤੀ ਰੂਪ ਵਿੱਚ ਬੇਨਤੀ ਕਰ ਸਕਦੇ ਹੋ ਕਿ ਅਸੀਂ ਸਿਹਤ ਸੰਭਾਲ ਦੇ ਇਲਾਜ, ਭੁਗਤਾਨ, ਅਤੇ ਪ੍ਰਸ਼ਾਸਕੀ ਉਦੇਸ਼ਾਂ ਲਈ ਤੁਹਾਡੀ ਜਾਣਕਾਰੀ ਦੇ ਖੁਲਾਸੇ ਨੂੰ ਪ੍ਰਤਿਬੰਧਿਤ ਕਰੀਏ; ਹਾਲਾਂਕਿ, ਹੋ ਸਕਦਾ ਹੈ ਕਿ ਅਸੀਂ ਸਾਰੀਆਂ ਬੇਨਤੀਆਂ ਦੀ ਪਾਲਣਾ ਨਾ ਕਰ ਸਕੀਏ। ਜੇ ਤੁਸੀਂ ਅਜਿਹੀਆਂ ਸਿਹਤ ਪ੍ਰਕਿਰਿਆਵਾਂ ਲਈ ਪੂਰਾ ਭੁਗਤਾਨ ਕਰਦੇ ਹੋ ਜਿਸਦਾ ਬਿਲ ਆਮ ਤੌਰ 'ਤੇ ਹੈਲਥ ਪਲਾਨ ਨੂੰ ਦਿੱਤਾ ਜਾਂਦਾ ਹੈ, ਤਾਂ ਸਾਨੂੰ ਤੁਹਾਡੀ ਕੋਈ ਵੀ ਜਾਣਕਾਰੀ ਤੁਹਾਡੇ ਹੈਲਥ ਪਲਾਨ ਨਾਲ ਸਾਂਝੀ ਨਾ ਕਰਨ ਦੀ ਬੇਨਤੀ ਨਾਲ ਸਹਿਮਤ ਹੋਣਾ ਪਵੇਗਾ ਕਿਉਂਕਿ ਇਹ ਅਜਿਹੀ ਪ੍ਰਕਿਰਿਆ ਨਾਲ ਸੰਬੰਧਿਤ ਹੈ ਜਿਸ ਲਈ ਤੁਸੀਂ ਭੁਗਤਾਨ ਕੀਤਾ ਹੈ।

**ਕਿਰਪਾ ਕਰਕੇ ਧਿਆਨ ਦਿਓ: GDSP ਕੋਲ ਤੁਹਾਡੇ ਮੈਡੀਕਲ ਰਿਕਾਰਡਾਂ ਦੀਆਂ ਪੂਰੀਆਂ ਕਾਪੀਆਂ ਨਹੀਂ ਹਨ। ਜੇਕਰ ਤੁਸੀਂ ਆਪਣੇ ਮੈਡੀਕਲ ਰਿਕਾਰਡ ਨੂੰ ਦੇਖਣਾ, ਇਸ ਦੀ ਕਾਪੀ ਪ੍ਰਾਪਤ ਕਰਨਾ ਜਾਂ ਇਸ ਨੂੰ ਬਦਲਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਪ੍ਰਦਾਤਾ, ਜਾਂ ਸਿਹਤ ਯੋਜਨਾ ਨਾਲ ਸੰਪਰਕ ਕਰੋ।**

### ਸ਼ਿਕਾਇਤਾਂ

ਜੇ ਤੁਸੀਂ ਮੰਨਦੇ ਹੋ ਕਿ ਅਸੀਂ ਤੁਹਾਡੀ ਨਿੱਜਤਾ ਦੀ ਰੱਖਿਆ ਨਹੀਂ ਕੀਤੀ ਹੈ ਜਾਂ ਤੁਹਾਡੇ ਕਿਸੇ ਅਧਿਕਾਰ ਦੀ ਉਲੰਘਣਾ ਕੀਤੀ ਹੈ ਅਤੇ ਸ਼ਿਕਾਇਤ ਦਰਜ ਕਰਵਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਕਾਲ ਕਰੋ ਜਾਂ ਇਸ ਪਤੇ 'ਤੇ ਲਿਖੋ: CDPH Privacy Officer, Office of Legal Services, P.O. Box 997377, MS 0506, Sacramento, CA 95899-7377, (877) 421-9634; privacy@cdph.ca.gov.

ਤੁਸੀਂ ਯੂਨਾਇਟੇਡ ਸਟੇਟਸ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਨਾਲ ਵੀ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ, Attention: Regional Manager, Office for Civil Rights at 90 7th Street, Suite 4-100, San Francisco, CA 94103, ਟੈਲੀਫੋਨ (800) 368-1019, ਜਾਂ (800) 537-7697 TDD ਟੋਲ-ਫ੍ਰੀ; ocrmail@hhs.gov ਜਾਂ U.S. Office of Civil Rights at 866-OCR-PRIV (866-627-7748) ਜਾਂ 866-788-4989 TTY.

**ਕੋਈ ਬਦਲੇ ਦੀ ਕਾਰਵਾਈ ਨਹੀਂ:** ਜੇ ਤੁਸੀਂ ਸ਼ਿਕਾਇਤ ਦਾਇਰ ਕਰਨ ਜਾਂ ਇਸ ਨੋਟਿਸ ਵਿੱਚ ਦਿੱਤੇ ਕਿਸੇ ਵੀ ਨਿੱਜਤਾ ਅਧਿਕਾਰ ਦੀ ਵਰਤੋਂ ਕਰਨ ਦੀ ਚੋਣ ਕਰਦੇ ਹੋ ਤਾਂ GDSP ਤੁਹਾਡੇ ਸਿਹਤ-ਸੰਭਾਲ ਦੇ ਲਾਭਾਂ ਜਾਂ ਕਿਸੇ ਵੀ ਹੋਰ ਸੁਰੱਖਿਅਤ ਅਧਿਕਾਰਾਂ ਨੂੰ ਕਿਸੇ ਵੀ ਤਰੀਕੇ ਨਾਲ ਖ਼ਤਮ ਨਹੀਂ ਕਰੇਗਾ।

**ਕੋਈ ਵਿਤਕਰਾ ਨਹੀਂ:** GDSP ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਉਮਰ, ਜਾਂ ਅਪਾਹਜਤਾ ਦੇ ਆਧਾਰ 'ਤੇ ਵਿਤਕਰਾ ਨਹੀਂ ਕਰਦਾ ਹੈ।

### ਵਿਭਾਗ ਨਾਲ ਸੰਪਰਕ

ਇਸ ਨੋਟਿਸ ਵਿਚਲੀ ਜਾਣਕਾਰੀ GDSP ਦੁਆਰਾ ਸੰਭਾਲੀ ਜਾਂਦੀ ਹੈ। ਜੈਨੇਟਿਕ ਡਿਜ਼ੀਜ਼ ਸਕ੍ਰੀਨਿੰਗ ਪ੍ਰੋਗਰਾਮ ਦੇ ਡਿਵੀਜ਼ਨ ਚੀਫ ਤੱਕ ਇਸ ਪਤੇ 'ਤੇ ਪਹੁੰਚਿਆ ਜਾ ਸਕਦਾ ਹੈ: 850 Marina Bay Parkway, F175, Richmond, California, 94804, (866) 718-7915. ਡਿਵੀਜ਼ਨ ਚੀਫ ਰਿਕਾਰਡਾਂ ਦੀ ਪ੍ਰਣਾਲੀ ਲਈ ਜ਼ਿੰਮੇਵਾਰ ਹੈ ਅਤੇ ਬੇਨਤੀ ਕਰਨ 'ਤੇ, ਤੁਹਾਨੂੰ ਤੁਹਾਡੇ ਰਿਕਾਰਡਾਂ ਦੀ ਸਥਿਤੀ ਬਾਰੇ ਸੂਚਿਤ ਕਰੇਗਾ ਅਤੇ ਤੁਹਾਡੀ ਕਿਸੇ ਵੀ ਬੇਨਤੀ ਦਾ ਜਵਾਬ ਦੇਵੇਗਾ ਜੋ ਤੁਸੀਂ ਉਹਨਾਂ ਰਿਕਾਰਡਾਂ ਵਿੱਚ ਜਾਣਕਾਰੀ ਬਾਰੇ ਕਰ ਸਕਦੇ ਹੋ।

### ਅਸਮਰਥਤਾ ਵਾਲੇ ਅਮਰੀਕਾ ਵਾਸੀਆਂ ਲਈ ਅਧਿਨਿਯਮ (Americans with Disabilities Act)

ਸੂਚਨਾ ਦਾ ਨੋਟਿਸ ਅਤੇ ਪਹੁੰਚ ਬਿਆਨ, ਅਪਾਹਜਤਾ ਦੇ ਆਧਾਰ 'ਤੇ ਗੈਰ-ਵਿਤਕਰੇ ਦੀ ਨੀਤੀ ਅਤੇ ਬਰਾਬਰ ਰੁਜ਼ਗਾਰ ਮੌਕੇ ਦਾ ਬਿਆਨ। CDPH ਸਾਰੇ ਰਾਜ ਅਤੇ ਸੰਘੀ ਕਾਨੂੰਨਾਂ ਦੀ ਪਾਲਣਾ ਕਰਦਾ ਹੈ, ਜੋ ਰੁਜ਼ਗਾਰ ਵਿੱਚ ਵਿਤਕਰੇ ਦੀ ਮਨਾਹੀ ਕਰਦੇ ਹਨ ਅਤੇ ਇਸਦੇ ਪ੍ਰੋਗਰਾਮਾਂ ਜਾਂ ਗਤੀਵਿਧੀਆਂ ਤੱਕ ਦਾਖ਼ਲਾ ਅਤੇ ਪਹੁੰਚ ਮੁਹੱਈਆ ਕਰਦੇ ਹਨ।

ਡਿਪਟੀ ਡਾਇਰੈਕਟਰ, ਆਫਿਸ ਆਫ ਸਿਵਲ ਰਾਈਟਸ (OCR), CDPH ਨੂੰ ਵਿਭਾਗ ਦੀਆਂ ਗੈਰ-ਵਿਤਕਰਾ ਲੋੜਾਂ ਦੀ ਪਾਲਣਾ ਦਾ ਤਾਲਮੇਲ ਕਰਨ ਅਤੇ ਉਹਨਾਂ ਨੂੰ ਪੂਰਾ ਕਰਨ ਲਈ ਨਿਯੁਕਤ ਕੀਤਾ ਗਿਆ ਹੈ। ਅਮੈਰੀਕਨਜ਼ ਵਿਦ ਡਿਸਏਬਿਲਿਟੀਜ਼ ਐਕਟ (ADA) ਦਾ ਟਾਈਟਲ II ਅਸਮਰਥਤਾਵਾਂ ਸੰਬੰਧੀ ਗੈਰ-ਵਿਤਕਰੇ ਅਤੇ ਪਹੁੰਚ ਦੇ ਮੁੱਦਿਆਂ 'ਤੇ ਧਿਆਨ ਦਿੰਦਾ ਹੈ। CDPH EEO ਨੀਤੀਆਂ ਜਾਂ ADA ਦੇ ਪ੍ਰਬੰਧਾਂ ਅਤੇ ਮੁਹੱਈਆ ਕੀਤੇ ਗਏ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ, ਤੁਸੀਂ CDPH ਆਫਿਸ ਔਫ ਕੰਪਲਾਇੰਸ, ਸਿਵਿਲ ਸਿਵਲ ਰਾਈਟਸ ਯੂਨਿਟ, ਨਾਲ ਇਸ ਪਤੇ 'ਤੇ ਸੰਪਰਕ ਕਰ ਸਕਦੇ ਹੋ: P.O. Box 997377, MS 0504, Sacramento, CA 95899-7377 or (916) 445-0938.

ਬੇਨਤੀ ਕਰਨ 'ਤੇ, ਇਹ ਦਸਤਾਵੇਜ਼ ਬ੍ਰੇਲ, ਹਾਈ-ਕੰਨਟ੍ਰਾਸਟ, ਵੱਡੀ ਛਪਾਈ, ਜਾਂ ਇਲੈਕਟ੍ਰਾਨਿਕ ਫਾਰਮੈਟ ਵਿੱਚ ਉਪਲਬਧ ਕਰਵਾਇਆ ਜਾਵੇਗਾ। ਇਨ੍ਹਾਂ ਵਿਕਲਪਿਕ ਫਾਰਮੈਟਾਂ ਵਿੱਚੋਂ ਇੱਕ ਵਿੱਚ ਇੱਕ ਕਾਪੀ ਪ੍ਰਾਪਤ ਕਰਨ ਲਈ, ਕੱਾਲ ਕਰੋ ਜਾਂ ਲਿਖੋ: Chief, California Prenatal Screening Program, 850 Marina Bay Pkwy, F 175, Mail Stop 8200, Richmond, CA 94804; ਫੋਨ: (866) 718-7915. ਇਹ ਨੋਟਿਸ ਔਨਲਾਈਨ ਹੈ (https://www.cdph.ca.gov/Programs/CFH/DGDS/Pages/pns/pnsnpp.aspx).

ਇਹ ਪੰਨਾ ਜਾਣਬੁਝ ਕੇ ਖਾਲੀ ਛੱਡਿਆ ਗਿਆ ਹੈ

**ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਪਬਲਿਕ ਹੈਲਥ**
**(California Department of Public Health)**

ਪ੍ਰੀਨੇਟਲ ਸਕ੍ਰੀਨਿੰਗ ਪ੍ਰੋਗਰਾਮ
(Prenatal Screening Program)

www.cdph.ca.gov/PNS

California Department of Public Health
Genetic Disease Screening Program
Prenatal Screening Program
850 Marina Bay Parkway, F175
Richmond, CA 94804
pns@cdph.ca.gov
866-718-7915

**2024**